jobs! jobs! jobs! jobs! jobs!

DUNDAS·JAFINE

# HELP WANTED
## ਕਾਮਿਆਂ ਦੀ ਲੋੜ
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**


ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)



# Dr. Randhawa Dentistry



*Your own dentist who really cares for you*

**We Provide the following Services:**
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
*Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ*
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# ELECT
ETOBICOKE NORTH
CITY COUNCILLOR WARD 1

ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ ਨੂੰ ਪਹਿਲ ਦੇਵਾਗਾਂ

**I'm Advocating for :**
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure



"ETOBICOKE FIRST"

SHIRISH
# PATEL

Cell: 647-296-5681 voteforshirish.ca
Strong Voice. Strong Communities.



chatr MOBILE

NOW GET
~~4GB~~ 4.5GB DATA
ON OUR $40/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਟੱਬਰ ਵੱਡਿਆਂ ਦਾ ਜਿਸ ਨੂੰ ਕਹਿਣ ਲੋਕੀਂ,
ਬਹਿ ਗਿਆ ਕਰਨ ਦੇ ਲਈ ਸਲਾਹ ਬੇਲੀ।
ਰੈਲੀਆਂ ਤਿੰਨ ਥਾਂ ਸੁਣੀਂਦੀਆਂ ਹੋਣੀਆਂ ਜੀ,
ਆਪਸ ਵਿੱਚ ਇਹ ਉਲਟ ਸਭ ਰਾਹ ਬੇਲੀ।
ਮੁਕਤਸਰ ਵੱਲ ਨੂੰ ਜਾਣੇ ਆ ਕਾਂਗਰਸੀਏ,
ਜਗਤਾਰ ਸਿੰਘਾ ਤੂੰ ਉਧਰ ਨੂੰ ਜਾਹ ਬੇਲੀ।
ਪਟਿਆਲੇ ਵੱਲ ਬਈ ਜਾਣਾ ਅਕਾਲੀਆਂ ਨੇ,
ਜਾਂਦਿਆਂ ਕਰਮ ਸੋਂਹ ਲਊ ਨਾ ਸਾਹ ਬੇਲੀ।
ਕੋਟ ਕਪੂਰਾ ਦੋਂਹ ਧਿਰਾਂ ਵਿਚਕਾਰ ਕਹਿੰਦੇ,
ਕਰਨਾ ਮਾਰਚ ਆ ਖਹਿਰੇ ਸੁਖਪਾਲ ਬੇਲੀ।
ਦਰਸ਼ਨ ਸਿੰਘ ਨੂੰ ਦਿਓ ਬਈ ਭੇਜ ਓਧਰ,
ਸਾਰੀਆਂ ਧਿਰਾਂ ਦੇ ਰਹਿਣਾ ਹੈ ਨਾਲ ਬੇਲੀ।

**ਤੀਸ ਮਾਰ ਖਾਂ**

# ਤਿੰਨ ਤਖ਼ਤਾਂ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀਆਂ ਬੈਠਕਾਂ ਦਾ ਬਾਈਕਾਟ ਕਰਨ ਲੱਗੇ

ਸ੍ਰੀ ਆਨੰਦਪੁਰ ਸਾਹਿਬ, 30 ਸਤੰਬਰ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਕਾਰਨ ਸਿੱਖ ਸੰਗਤ ਦੇ ਰੋਹ ਦਾ ਸ਼ਿਕਾਰ ਬਣੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਬਾਕੀ ਧਾਰਮਿਕ ਹਸਤੀਆਂ ਤੋਂ ਨਿੱਖੜ ਗਏ ਜਾਪ ਰਹੇ ਹਨ, ਉੱਚ ਧਾਰਮਿਕ ਹਸਤੀਆਂ ਇਨ੍ਹਾਂ ਦੇ ਨਾਲ ਨਹੀਂ ਬੈਠਣਾ ਚਾਹੁੰਦੀਆਂ।

ਪਤਾ ਲੱਗਾ ਹੈ ਕਿ ਇਸ ਸੰਬੰਧ ਵਿੱਚ ਸਿੱਖ ਪੰਥ ਦੇ ਤਿੰਨ ਤਖ਼ਤਾਂ ਦੇ ਜਥੇਦਾਰਾਂ ਨੇ ਗਿਆਨੀ ਗੁਰਬਚਨ ਸਿੰਘ ਦੀ ਸੱਦੀ ਕਿਸੇ ਵੀ ਬੈਠਕ ਵਿੱਚ ਨਾ ਜਾਣ ਦਾ ਐਲਾਨ ਕੀਤਾ ਹੈ। ਓਧਰ ਗਿਆਨੀ ਗੁਰਬਚਨ ਸਿੰਘ ਉੱਤੇ ਅਹੁਦਾ ਛੱਡਣ ਦਾ ਦਬਾਅ ਵੀ ਵਧਦਾ ਜਾਂਦਾ ਹੈ, ਪਰ ਬਾਦਲ ਪਰਵਾਰ ਅਜੇ ਵੀ ਉਨ੍ਹਾਂ ਨੂੰ ਜਥੇਦਾਰ ਰੱਖਣਾ ਚਾਹੁੰਦਾ ਹੈ।

ਮਿਲੀ ਜਾਣਕਾਰੀ ਦੇ ਮੁਤਾਬਕ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਅੱਗੇ ਤੋਂ ਗਿਆਨੀ ਗੁਰ-ਬਚਨ ਸਿੰਘ ਦੀ ਸੱਦੀ ਹੋਈ ਕਿਸੇ ਵੀ ਬੈਠਕ ਵਿੱਚ ਸ਼ਾਮਲ ਨਾ ਹੋਣ ਦਾ ਫ਼ੈਸਲਾ ਲਿਆ ਹੈ। ਇਹ ਸਾਰੇ ਜਥੇਦਾਰ ਇਸ ਬਾਰੇ ਖੁੱਲ੍ਹ ਕੇ ਕੁਝ ਨਹੀਂ ਕਹਿ ਰਹੇ, ਪਰ ਇਕ ਤਖ਼ਤ ਦੇ ਜਥੇਦਾਰ ਨੇ ਇਹ ਪੁਸ਼ਟੀ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਉਨ੍ਹਾਂ ਬਕਾਇਦਾ ਤੌਰ 'ਤੇ ਇਸ ਬਾਰੇ ਸੂਚਿਤ ਕਰ ਦਿੱਤਾ ਹੈ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜ ਸਿੰਘ ਸਹਿਬਾਨ ਦੀ ਬੈਠਕ ਦਾ ਜਦੋਂ ਕੋਈ ਸੁਨੇਹਾ ਆਵੇਗਾ, ਓਥੇ ਜਾਣ ਜਾਂ ਨਾ ਜਾਣ ਦਾ ਫ਼ੈਸਲਾ ਉਹ ਓਦੋਂ ਹੀ ਕਰਨਗੇ। ਇਸ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕੋਈ ਟਿੱਪਣੀ ਕਰਨ ਤੋਂ ਟਾਲ ਰਹੇ ਹਨ।

# ਢੀਂਡਸੇ ਮਗਰੋਂ ਮਾਝੇ ਦੇ ਟਕਸਾਲੀ ਅਕਾਲੀ ਆਗੂਆਂ ਨੇ ਬਾਦਲਾਂ ਨੂੰ ਅੱਖਾਂ ਵਿਖਾਈਆਂ

*** ਤਿੰਨ ਲੀਡਰਾਂ ਨੇ ਕਿਹਾ: ਮਾੜੇ ਅਕਸ ਵਾਲਿਆਂ ਨੂੰ ਪਾਰਟੀ ਤੋਂ ਕੱਢਾਂਗੇ**



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਤੇ ਹੋਰ ਮੀਡੀਆ ਨਾਲ ਗੱਲ ਕਰਦੇ ਹੋਏ।

ਅੰਮ੍ਰਿਤਸਰ, 30 ਸਤੰਬਰ, (ਪੋਸਟ ਬਿਊਰੋ)- ਸੀਨੀਅਰ ਮੋਸਟ ਅਕਾਲੀ ਆਗੂ ਅਤੇ ਪਾਰਲੀਮੈਂਟ ਮੈਂਬਰ ਸੁਖੇਦਵ ਸਿੰਘ ਢੀਂਡਸਾ ਦੇ ਅਕਾਲੀ ਦਲ ਵਿੱਚੋਂ ਅਸਤੀਫਾ ਦੇਣ ਪਿੱਛੋਂ ਅਕਾਲੀ ਦਲ ਦੇ ਟਕਸਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਨੇ ਵੀ ਪਾਰਟੀ ਵਿਚ ਸਭ ਕੁਝ ਠੀਕ ਨਾ ਹੋਣ ਦੀ ਗੱਲ ਮੰਨੀ ਅਤੇ ਕਿਹਾ ਹੈ ਕਿ ਅੱਗੇ ਤੋਂ ਉਹ ਹਰ ਹਫਤੇ ਮੀਟਿੰਗ ਕਰਕੇ ਅਗਲੀ ਰਣਨੀਤੀ ਐਲਾਨ ਕਰਨਗੇ ਅਤੇ ਜੇ ਪਾਰਟੀ ਵਿੱਚ ਕੁਝ ਗਲਤ ਹੋ ਰਿਹਾ ਹੈ ਤਾਂ ਉਸ ਦਾ ਇਨ੍ਹਾਂ ਵੱਲੋਂ ਵਿਰੋਧ ਕੀਤਾ ਜਾਵੇਗਾ। ਇਨ੍ਹਾਂ ਟਕਾਸਲੀ ਆਗੂਆਂ ਨੇ ਕਿਹਾ ਕਿ ਅਸੀਂ ਇਸ ਪਾਰਟੀ ਵਿੱਚੋਂ ਨਿਕਲਣ ਦੀ ਥਾਂ ਮਾੜੇ ਅਕਸ ਵਾਲਿਆਂ ਨੂੰ ਪਾਰਟੀ ਵਿੱਚੋਂ ਕੱਢਾਂਗੇ।

ਅੱਜ ਏਥੇ ਸਾਬਕਾ ਪਾਰਲੀਮੈਂਟ ਮੈਂਬਰ ਡਾ. ਰਤਨ ਸਿੰਘ ਅਜਨਾਲਾ ਦੇ ਘਰ ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਸਾਬਕਾ ਅਕਾਲੀ ਮੰਤਰੀ ਸੇਵਾ ਸਿੰਘ ਸੇਖਵਾਂ, ਸਾਬਕਾ ਵਿਧਾਇਕ ਮਨਮੋਹਨ ਸਿੰਘ ਸਠਿਆਲਾ, ਅਮਰਪਾਲ ਸਿੰਘ ਬੋਨੀ, ਰਵਿੰਦਰ ਸਿੰਘ ਬ੍ਰਹਮਪੁਰਾ ਨੇ ਬੈਠਕ ਦੌਰਾਨ ਆਪਸੀ ਮਤਭੇਦ ਦੂਰ ਕਰ ਕੇ ਮਾਝੇ ਦੇ ਟਕਸਾਲੀ ਅਕਾਲੀਆਂ ਨੂੰ ਮੁੜ ਇਕ ਮੰਚ ਉੱਤੇ ਲਿਆਉਣ ਤੇ ਪਾਰਟੀ ਬਚਾਉਣ ਦਾ ਫੈਸਲਾ ਕੀਤਾ ਹੈ। ਵਰਨਣ ਯੋਗ ਹੈ ਕਿ ਬੀਤੇ ਕਈ ਸਾਲਾਂ ਤੋਂ ਡਾ. ਰਤਨ ਸਿੰਘ ਅਜਨਾਲਾ ਨੇ ਪਾਰਟੀ ਤੋਂ ਦੂਰੀ ਬਣਾਈ ਹੋਈ ਸੀ ਅਤੇ ਉਹ ਸਰਗਰਮੀ ਛੱਡ ਕੇ ਆਪਣੇ ਘਰ ਬੈਠੇ ਹੋਏ ਸਨ। ਅੱਜ ਦੀ ਮੀਟਿੰਗ ਪਿੱਛੋਂ ਮੀਡੀਆ ਨਾਲ ਗੱਲ ਦੌਰਾਨ ਬ੍ਰਹਮਪੁਰਾ ਨੇ ਕਿਹਾ ਕਿ ਮਾਝੇ ਦੇ ਅਕਾਲੀ ਆਗੂ ਇਕੱਠੇ ਹੋਏ ਹਨ ਤੇ ਜਲਦੀ ਹੀ ਪੰਜ ਸੱਤ ਦਿਨਾਂ ਬਾਅਦ ਫਿਰ ਹੋਣਗੇ ਅਤੇ ਮੌਜੂਦਾ ਹਾਲਾਤ ਨੂੰ ਵਿਚਾਰਨ ਪਿੱਛੋਂ ਲੋੜ ਮੁਤਾਬਕ ਆਪਣੀ ਗੱਲ ਪਾਰਟੀ ਕੋਲ ਰੱਖੀ ਜਾਵੇਗੀ। ਉਨ੍ਹਾਂ ਨੇ ਸੁਖਦੇਵ ਸਿੰਘ ਢੀਂਡਸਾ ਦੇ ਅਸਤੀਫੇ ਨੂੰ ਅਕਾਲੀ ਦਲ ਦੇ ਲਈ ਵੱਡਾ ਝਟਕਾ ਕਰਾਰ ਦਿੱਤਾ। ਇਸ ਮੌਕੇ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਆਦਿ ਪੰਥਕ ਜਮਾਤਾਂ ਵਿਚ ਊਣਤਾਈਆਂ ਪੈਦਾ ਹੋਈਆਂ ਹਨ ਤੇ ਜਿਹੜੇ ਕਾਰਨਾਂ ਕਰਕੇ ਊਣਤਾਈਆਂ ਆਈਆਂ ਹਨ, ਉਹ ਕਾਰਨ ਦੂਰ ਕੀਤੇ ਜਾਣਗੇ।

ਟਕਸਾਲੀ ਆਗੂਆਂ ਨੇ ਪਾਰਟੀ ਤੋਂ ਅਸਤੀਫਾ ਦੇਣ ਦੇ ਕਿਆਫੇ ਰੱਦ ਕਰਦੇ ਹੋਏ ਕਿਹਾ ਕਿ ਅਕਾਲੀ ਦਲ ਉਨ੍ਹਾਂ ਦੀ ਮਾਂ ਪਾਰਟੀ ਹੈ, ਇਸ ਨੂੰ ਛੱਡਣ ਬਾਰੇ ਉਹ ਸੋਚ ਵੀ ਨਹੀਂ ਸਕਦੇ, ਉਹ ਇਸ ਵਿਚਲੀਆਂ ਕਮੀਆਂ ਦੂਰ ਕਰਨ ਦਾ ਯਤਨ ਕਰਨਗੇ। ਇਨ੍ਹਾਂ ਕਮੀਆਂ ਦੇ ਜ਼ਿੰਮੇਵਾਰ ਦਾ ਸਵਾਲ ਉਹ ਟਾਲ ਗਏ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਬਾਰੇ ਸਵਾਲ ਦੇ ਜਵਾਬ ਵਿਚ ਬ੍ਰਹਮਪੁਰਾ ਤੇ ਸੇਖਵਾਂ ਨੇ ਕੁਝ ਕਹਿਣ ਤੋਂ ਮਨ੍ਹਾਂ ਕੀਤਾ, ਪਰ ਏਨਾ ਕਿਹਾ ਕਿ ਉਹ ਅਕਾਲੀ ਦਲ ਨੂੰ ਬਰਬਾਦ ਨਹੀਂ ਹੋਣ ਦੇਣਗੇ, ਉਨ੍ਹਾਂ ਲਈ ਪਾਰਟੀ ਪਹਿਲਾਂ ਹੈ, ਪ੍ਰਧਾਨ ਆਉਂਦੇ-ਜਾਂਦੇ ਰਹੇ ਹਨ।

ਇਸ ਦੌਰਾਨ ਪਤਾ ਲੱਗਾ ਹੈ ਕਿ ਇਨ੍ਹਾਂ ਸੀਨੀਅਰ ਆਗੂਆਂ ਦੀ ਇਸ ਮੀਟਿੰਗ ਵਿਚ ਕਈ ਪਾਰਟੀ ਨੀਤੀਆਂ ਉਤੇ ਸਖ਼ਤ ਇਤਰਾਜ਼ ਕੀਤਾ ਗਿਆ ਹੈ ਤੇ ਮੀਟਿੰਗ ਵਿਚ ਇਕ ਅਕਾਲੀ ਆਗੂ ਅਸਤੀਫ਼ਾ ਦੇਣ ਨੂੰ ਵੀ ਤਿਆਰ ਸੀ, ਪਰ ਹੋਰਨਾਂ ਨੇ 'ਉਡੀਕੋ ਤੇ ਦੇਖੋ' ਦੀ ਨੀਤੀ ਅਪਨਾਉਣ ਦੀ ਸਲਾਹ ਦਿੱਤੀ ਤਾਂ ਮਾਮਲਾ ਅਗਲੀ ਮੀਟਿੰਗ 'ਤੇ ਰੱਖਿਆ ਗਿਆ ਹੈ, ਜਿਸ ਵਿਚ ਮਾਝੇ ਦੇ ਹੋਰ ਅਕਾਲੀ ਆਗੂ ਵੀ ਆਉਣ ਦੀ ਆਸ ਹੈ। ਇਸ ਮੌਕੇ ਬ੍ਰਹਮਪੁਰਾ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਫੈਸਲੇ ਨਾਲ ਅਸਹਿਮਤੀ ਤੇ ਅਕਾਲੀ ਸਰਕਾਰ ਦੇ ਹੁੰਦਿਆਂ ਬਰਗਾੜੀ ਕਾਂਡ ਦਾ ਵਾਪਰਨ ਉਤੇ ਅਫਸੋਸ ਪ੍ਰਗਟ ਕੀਤਾ ਤੇ ਕਿਹਾ ਕਿ ਇਹ ਵਿਚਾਰ ਉਹ ਕੈਨੇਡਾ ਦੌਰੇ ਦੌਰਾਨ ਵੀ ਪ੍ਰਗਟਾਅ ਚੁੱਕੇ ਹਨ। ਬ੍ਰਹਮਪੁਰਾ ਨੇ ਕਿਹਾ ਕਿ ਜਦੋਂ ਰਾਮ ਰਹੀਮ ਨੂੰ ਮੁਆਫੀ ਦਿੱਤੀ ਗਈ ਸੀ, ਉਨ੍ਹਾਂ ਉਦੋਂ ਵੀ ਵਿਰੋਧ ਕੀਤਾ ਸੀ। ਬਾਦਲ ਪਰਿਵਾਰ ਦਾ ਨਾਂ ਲਏ ਬਗੈਰ ਇਨ੍ਹਾਂ ਨੇ ਕਿਹਾ ਕਿ ਜਦੋਂ ਪਾਰਟੀ ਦੀ ਕਮਾਨ ਛੋਟਿਆਂ ਹੱਥ ਆਉਂਦੀ ਹੈ ਤਾਂ ਗਲਤ ਹੁੰਦਾ ਹੀ ਹੈ।

# ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਚੋਣ 9 ਦਸੰਬਰ ਨੂੰ ਰੱਖੀ ਗਈ

ਅੰਮ੍ਰਿਤਸਰ, 30 ਸਤੰਬਰ (ਪੋਸਟ ਬਿਊਰੋ)- ਪਿਛਲੇ ਸਮੇਂ ਤੋਂ ਵਿਵਾਦਾਂ ਵਿੱਚ ਫਸੇ ਹੋਏ ਚੀਫ ਖਾਲਸਾ ਦੀਵਾਨ ਦੀਆਂ ਜਨਰਲ ਚੋਣਾਂ ਨੌਂ ਦਸੰਬਰ ਨੂੰ ਹੋਣਗੀਆਂ। ਇਹ ਫੈਸਲਾ ਦੀਵਾਨ ਦਾ ਕੰਮ-ਕਾਜ ਚਲਾਉਣ ਵਾਸਤੇ ਬਣਾਈ ਗਈ ਪੰਜ ਮੈਂਬਰੀ ਕਮੇਟੀ ਨੇ ਕੱਲ੍ਹ ਆਪਣੀ ਬੈਠਕ ਵਿੱਚ ਲਿਆ ਹੈ।

ਇਸ ਬੈਠਕ ਦੌਰਾਨ ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀਆਂ ਚੋਣਾਂ ਬਾਰੇ ਏਜੰਡਾ ਪੇਸ਼ ਕੀਤਾ ਗਿਆ। ਅਗਲੀ 9 ਦਸੰਬਰ ਨੂੰ ਦੀਵਾਨ ਦੇ ਮੁਖੀ ਦੇ ਨਾਲ-ਨਾਲ ਬਾਕੀ ਅਹੁਦੇਦਾਰਾਂ ਦੀ ਵੀ ਚੋਣ ਕਰਨੀ ਤੈਅ ਹੋਈ ਹੈ। ਕਮੇਟੀ ਨੇ ਫੈਸਲਾ ਕੀਤਾ ਹੈ ਕਿ ਚੋਣ ਦਾ ਨੋਟੀਫਿਕੇਸ਼ਨ ਜਾਰੀ ਕਰਨ ਦੇ ਲਈ ਅੱਠ ਅਕਤੂਬਰ ਨੂੰ ਦੋਬਾਰਾ ਕਮੇਟੀ ਦੀ ਬੈਠਕ ਬੁਲਾਈ ਜਾਏ ਅਤੇ ਉਸੇ ਦਿਨ ਚੋਣ ਅਧਿਕਾਰੀਆਂ, ਰਿਟਰਨਿੰਗ ਅਫਸਰਾਂ ਅਤੇ ਚੋਣ ਆਬਜ਼ਰਵਰਾਂ ਦੀ ਨਿਯੁਕਤੀ ਕੀਤੀ ਜਾਏਗੀ। ਵਰਣਨ ਯੋਗ ਹੈ ਕਿ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਸੰਤੋਖ ਸਿੰਘ ਨੂੰ ਇਸ ਮਹੀਨੇ ਇੱਕ ਜ਼ਮੀਨੀ ਕੇਸ ਵਿੱਚ ਕੀਤੀ ਗਈ ਧੋਖਾਧੜੀ ਵਿੱਚ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਦੇ ਅਗਲੇ ਹੀ ਦਿਨ ਡਾਕਟਰ ਸੰਤੋਖ ਸਿੰਘ ਨੇ ਚੀਫ ਖਾਲਸਾ ਦੀਵਾਨ ਦੇ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਦੀਵਾਨ ਦਾ ਕੰਮ ਚਲਾਉਣ ਲਈ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਹੜੀ ਇਸ ਵੇਲੇ ਕੰਮ ਕਰ ਹੀ ਹੈ।

# ਨਵੇਂ ਕਾਰਜਕਾਲ ਵਿੱਚ ਲੋਕਾਂ ਦੀ ਪਾਈ ਪਾਈ ਦਾ ਹਿਸਾਬ ਦੇਵਾਂਗੀ : ਲਿੰਡਾ ਜੈਫਰੀ



ਬਰੈਂਪਟਨ, 30 ਸਤੰਬਰ (ਪੋਸਟ ਬਿਊਰੋ) : ਆਪਣੇ ਪੈਸੇ ਲਈ ਲੋਕ ਸਖ਼ਤ ਮਿਹਨਤ ਕਰਦੇ ਹਨ ਤੇ ਇਹ ਜਾਨਣਾ ਚਾਹੁੰਦੇ ਹਨ ਕਿ ਕੀ ਉਨ੍ਹਾਂ ਦੇ ਟੈਕਸ ਡਾਲਰਾਂ ਦੀ ਉਨ੍ਹਾਂ ਨੂੰ ਸਹੀ ਕੀਮਤ ਮਿਲ ਰਹੀ ਹੈ।

ਮੇਅਰ ਲਿੰਡਾ ਜੈਫਰੀ ਨੇ ਇਹ ਵਿਚਾਰ ਪ੍ਰਗਟਾਉਂਦਿਆਂ ਆਖਿਆ ਕਿ 2014 ਵਿੱਚ ਉਨ੍ਹਾਂ ਨੂੰ ਬਰੈਂਪਟਨ ਸਿਟੀ ਹਾਲ ਵਿਚਲੀ ਵਿੱਤੀ ਗੜਬੜ ਨੂੰ ਸਾਫ ਕਰਨ ਲਈ ਚੁਣਿ-ਆ ਗਿਆ। ਉਨ੍ਹਾਂ ਆਖਿਆ ਕਿ ਲੋਕਾਂ ਦੇ ਪੈਸੇ ਨੂੰ ਸਹੀ ਢੰਗ ਨਾਲ ਸਾਂਭਣ ਲਈ ਅਤੇ ਪਾਰਦਰਸ਼ਤਾ ਤੇ ਜਵਾਬਦੇਹੀ ਤੈਅ ਕਰਨ ਲਈ ਉਨ੍ਹਾਂ ਆਪਣੇ ਪੂਰੇ ਕਾਰਜਕਾਲ ਵਿੱਚ ਕਾਫੀ ਮਸ਼ੱਕਤ ਕੀਤੀ। ਉਨ੍ਹਾਂ ਆਖਿਆ ਕਿ ਅਸੀਂ ਬਰੈਂਪਟਨ ਵਾਸੀਆਂ ਦੀ ਸ਼ਹਿਰ ਦੇ ਵਿਕਾਸ ਤੇ ਖੁਸ਼ਹਾਲੀ ਦੀ ਲੋੜ ਲਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਸੇਵਾਵਾਂ ਮੁਹੱਈਆ ਕਰਵਾਉਣ ਦੀ ਲੋੜ ਪੂਰੀ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਆਖਿਆ ਕਿ ਅਣਚਾਹੇ ਖਰਚਿਆਂ ਨੂੰ ਕੰਟਰੋਲ ਕਰਨ ਦੀ ਲੜਾਈ ਉਹ ਲੜਦੀ ਰਹੇਗੀ।

ਉਨ੍ਹਾਂ ਅੱਗੇ ਆਖਿਆ ਕਿ ਉਨ੍ਹਾਂ ਦੀ ਅਗਵਾਈ ਵਿੱਚ ਹੇਠ ਲਿਖੀਆਂ ਪ੍ਰਾਪਤੀਆਂ ਕੀਤੀਆਂ ਗਈਆਂ :

- ਸਿਟੀ ਆਫ ਬਰੈਂਪਟਨ ਵਿੱਚ ਟੈਕਸ ਦਰ ਜੋ ਕਿ 2015 ਵਿੱਚ 0.499812 ਫੀ ਸਦੀ ਸੀ ਉਹ 2018 ਵਿੱਚ 0.481785 ਫੀ ਸਦੀ ਰਹਿ ਗਈ।
- ਗੌਲਫ ਕੋਰਸਿਜ਼ ਤੇ ਪ੍ਰਾਈਵੇਟ ਮਲਕੀਅਤ ਵਾਲੀਆਂ ਸਪੋਰਟਸ ਟੀਮਾਂ ਦੇ ਕਾਰਪੋਰੇਟ ਟੈਕਸਦਾਤਾਵਾਂ ਵੱਲੋਂ ਮੁਹੱਈਆ ਕਰਵਾਏ ਜਾਣ ਵਾਲੇ ਰਾਹਤ ਪੈਕੇਜਿਜ਼ ਖਿਲਾਫ ਲੜਾਈ ਕੀਤੀ। ਇਨ੍ਹਾਂ ਕਾਰਨ ਟੈਕਸਦਾਤਾਵਾਂ ਨੂੰ ਕੋਈ ਫਾਇਦਾ ਨਹੀਂ ਸੀ ਹੁੰਦਾ।
- ਫਾਲਤੂ ਦੇ ਖਰਚੇ ਬੰਦ ਕਰਵਾਏ, ਜਿਨ੍ਹਾਂ ਤਹਿਤ 25 ਸੀਨੀਅਰ ਬਿਊਰੋਕ੍ਰੈਟਸ ਨੂੰ ਹਟਾਇਆ ਗਿਆ ਤੇ ਇਸ ਨਾਲ ਸਿਟੀ ਹਾਲ ਦੀ ਕਾਬਲੀਅਤ ਵਿੱਚ ਹੋਰ ਵਾਧਾ ਹੋਇਆ।
- ਬਰੈਂਪਟਨ ਦੀ ਕ੍ਰੈਡਿਟ ਰੇਟਿੰਗ ਵਿੱਚ ਸੁਧਾਰ ਕਰਦਿਆਂ ਇਸ ਨੂੰ ਟ੍ਰਿਪਲ ਏ ਨੈਗੇਟਿਵ ਤੋਂ ਟ੍ਰਿਪਲ ਏ ਸਟੇਬਲ ਉੱਤੇ ਲਿਆਂਦਾ ਤੇ ਇਸ ਤਰ੍ਹਾਂ ਵਿਆਜ਼ ਦਰਾਂ ਵਿੱਚ ਜਾਣ ਵਾਲੇ ਹਜ਼ਾਰਾਂ ਡਾਲਰ ਦੀ ਬਚਤ ਕੀਤੀ
- ਅਮਰੀਕਾ ਤੇ ਕੈਨੇਡਾ ਦੀ ਗਵਰਮੈਂਟ ਫਾਇਨਾਂਸ ਆਫੀਸਰਜ਼ ਐਸੋਸਿਏਸ਼ਨ ਵੱਲੋਂ ਮਾਨਤਾ ਪ੍ਰਾਪਤ ਡਿਸਟਿੰਗੁਇਸ਼ਡ ਬਜਟ ਪ੍ਰੈਜ਼ੈਂਟੇਸ਼ਨ ਐਵਾਰਡ ਹਾਸਲ ਕੀਤਾ
- ਸੀਡੀ ਹੋਵੇ ਇੰਸਟੀਚਿਊਟ ਵੱਲੋਂ ਕੈਨੇਡਾ ਦੇ ਸ਼ਹਿਰਾਂ ਦੀ ਕੀਤੀ ਜਾਂਦੀ ਦਰਜੇਬੰਦੀ ਵਿੱਚ ਬਰੈਂਪਟਨ ਨੂੰ ਬੀ ਨੈਗੇਟਿਵ ਤੋਂ ਏ ਪੌਜ਼ੇਟਿਵ ਦਰਜਾ ਦਿਵ-ਾਇਆ।
- ਸਾਬਕਾ ਕਾਉਂਸਲ ਦੇ ਕੁਪ੍ਰਬੰਧਾਂ ਤੋਂ ਸ਼ਹਿਰ ਦੇ ਨਿੱਘਰ ਚੁੱਕੀ ਵਿੱਤੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਤੇ ਇਸ ਨੂੰ ਉਜਾਗਰ ਕਰਨ ਲਈ ਬਾਹਰੀ ਆਡੀਟਰਜ਼ ਦੀ ਮਦਦ ਲਈ।
- ਪਾਰਦਰਸ਼ਤਾ ਲਿਆਉਣ ਲਈ ਸ਼ਹਿਰ ਦੀ ਪ੍ਰੋਕਿਊਰਮੈਂਟ ਪਾਲਿਸੀ ਵਿੱਚ ਸੁਧਾਰ ਕੀਤਾ
- ਸ਼ਹਿਰ ਦੇ ਬਜਟ ਸਬੰਧੀ ਰੁਝਾਨਾਂ ਵਿੱਚ ਸਟਾਫ ਦੀ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ, ਚਿਰਾਂ ਤੱਕ ਚੱਲਣ ਵਾਲੀ ਵਿੱਤੀ ਰਣਨੀਤੀ ਲਈ ਤਬਦੀਲੀਆਂ ਲਿਆਂਦੀਆਂ ਤੇ ਇਸ ਨੂੰ ਆਧੁਨਿਕ ਰੂਪ ਦਿੱਤਾ।
- ਇਹ ਵੀ ਯਕੀਨੀ ਬਣਾਇਆ ਕਿ ਭਵਿੱਖ ਦੇ ਬਜਟ ਲਈ ਦਰਾਂ ਤਿੰਨ ਸਾਲਾਂ ਦੇ ਇੰਕਰੀਮੈਂਟਸ ਉੱਤੇ ਆਧਾਰਿਤ ਹੋਣ।

ਉਨ੍ਹਾਂ ਆਖਿਆ ਕਿ ਆਪਣੇ ਅਗਲੇ ਕਾਰ-ਜਕਾਲ ਲਈ ਉਨ੍ਹਾਂ ਦਾ ਧਿਆਨ ਹੇਠ ਲਿਖੇ ਮੁੱਦਿਆਂ ਉੱਤੇ ਕੇਂਦਰਿਤ ਰਹੇਗਾ-ਪ੍ਰਾਪਰਟੀ ਟੈਕਸ ਸਬੰਧੀ ਸਥਿਤੀ ਵਿੱਚ ਸੁਧਾਰ, ਬਿਹਤਰੀਨ ਕਾਰਗੁਜ਼ਾਰੀ ਰਾਹੀਂ ਪੈਸੇ ਦੀ ਬਚਤ ਵਾਲੇ ਏਰੀਆਜ਼ ਨੂੰ ਲੱਭਣਾ, ਅਗਾਊਂ ਅੰਦਾਜ਼ਾ ਤੇ ਸਥਿਰਤਾ ਮੁਹੱਈਆ ਕਰਵਾਉਣਾ, ਸ਼ਹਿਰ ਦੇ ਬੁਨਿਆਦੀ ਢਾਂਚੇ ਸਬੰਧੀ ਲੈਵੀ ਮੌਜੂਦਾ ਪੱਧਰ ਉੱਤੇ ਬਰਕਰ-ਾਰ ਰੱਖਣਾ ਤਾਂ ਕਿ ਅਸੀਂ ਭਵਿੱਖ ਵਿੱਚ ਬੁਨਿਆਦੀ ਢਾਂਚੇ ਸਬੰਧੀ ਲੋੜਾਂ ਨੂੰ ਮੌਜੂਦਾ ਤੇ ਭਵਿੱਖ ਦੇ ਟੈਕਸਦਾਤਾਵਾਂ ਉੱਤੇ ਬੋਝ ਵਧਾਏ ਬਿਨਾਂ ਪੂਰਾ ਕਰ ਸਕੀਏ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

ਡਿਸਕ, ਮੋਚ, ਚੁੱਕ, ਧਰਨ, ਰੀਹ
A1 HERBAL Ayurvedic Clinic
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY • LOANS • HOME RENOVATION • WANT TO GET OUT OF CREDIT CARD DEBT
BEHIND ON YOUR MORTGAGE PAYMENTS ? SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

ShereGill Law Firm
Barrister, Solicitor & Notary Public
Services:
● Real Estate
● Family Law
● Residential, Commercial, Franchise
● Affidavit, Power Of Attorney & Notarization
● Criminal Law
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
● ਲਿਵਰ ਸਰੋਇਸਿਸ ਫੈਟੀ ਲਿਵਰ ਹੈਪਾਟਾਇਟਸ A, B &C ਪੀਲੀਆ
● ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
● ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ, ਮਹਾਵਾਰੀ ਤੇ ਔਰਤਾਂ ਦੀਆਂ ਯੁਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ ਤੇ ਬਾਇਪਾਸ
● ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
● ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
● ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

# ਬਾਦਲਾਂ ਨੂੰ ਸਿਆਸੀ ਦੇ ਨਾਲ ਕਾਰੋਬਾਰੀ ਝਟਕਾ ਵੀ ਲੱਗਣ ਲੱਗਾ

*** ਅਦਾਲਤੀ ਹੁਕਮ ਉੱਤੇ ਗੈਰ ਕਾਨੂੰਨੀ ਰੂਟ ਰੋਕੇ ਜਾਣ ਲੱਗੇ * 'ਇੱਕ ਬੱਸ ਇੱਕ ਪਰਮਿਟ' ਨੀਤੀ ਔਰਬਿਟ ਬੱਸ ਨੂੰ ਠੱਲ੍ਹ ਪਾਵੇਗੀ**



ਬਠਿੰਡਾ, 30 ਸਤੰਬਰ, (ਪੋਸਟ ਬਿਊਰੋ)- ਸੁਖਦੇਵ ਸਿੰਘ ਢੀਂਡਸਾ ਦੇ ਅਸਤੀਫੇ ਨਾਲ ਲੱਗੇ ਸਿਆਸੀ ਝਟਕੇ ਤੋਂ ਸੰਭਲਣ ਦਾ ਯਤਨ ਕਰ ਰਹੇ ਬਾਦਲ ਪਰਿਵਾਰ ਨੂੰ ਇੱਕ ਕਾਰੋਬਾਰੀ ਝਟਕਾ ਵੀ ਲੱਗਣ ਵਾਲਾ ਹੈ। ਉਨ੍ਹਾਂ ਦੀ ਬੱਸ ਸੇਵਾ ਦੇ ਲੰਮੇ ਰੂਟ ਰੋਕੇ ਜਾਣ ਲੱਗੇ ਹਨ। ਅਕਾਲੀ ਰਾਜ ਵੇਲੇ ਬਾਦਲਾਂ ਦੇ ਬੱਸ ਰੂਟਾਂ 'ਚ ਹੱਦੋਂ ਬਾਹਰਾ ਵਾਧਾ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਬੱਸ ਰੂਟ ਫੈਲਣ ਨਾਲ ਸਰਕਾਰੀ ਬੱਸਾਂ ਦੀ ਕਮਾਈ ਘਟਦੀ ਗਈ ਸੀ। ਸੁਪਰੀਮ ਕੋਰਟ ਤੇ ਹਾਈ ਕੋਰਟ ਤੋਂ ਗ਼ੈਰ-ਕਾਨੂੰਨੀ ਵਧਾਏ ਗਏ ਪਰਮਿਟਾਂ ਦੇ ਖ਼ਿਲਾਫ਼ ਫ਼ੈਸਲੇ ਵੀ ਆਏ ਤਾਂ ਰੋਕ ਨਹੀਂ ਸੀ ਲੱਗੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਨਵੀਂ ਟਰਾਂਸਪੋਰਟ ਨੀਤੀ ਡੇਢ ਸਾਲ ਤੋਂ ਸਿਰੇ ਨਹੀਂ ਸੀ ਲੱਗੀ। ਜਦੋਂ ਹਾਈ ਕੋਰਟ 'ਚ ਅਗਲੀ ਪੇਸ਼ੀ 10 ਅਕਤੂਬਰ ਨੇੜੇ ਆ ਗਈ ਹੈ ਤਾਂ ਉਸ ਤੋਂ ਪਹਿਲਾਂ ਟਰਾਂਸਪੋਰਟ ਵਿਭਾਗ ਵੀ ਬਾਦਲਾਂ ਦੀ ਗੱਡੀ ਰੋਕਣ ਨੂੰ ਮਜਬੂਰ ਹੋ ਗਿਆ ਹੈ। ਜੇ ਇਹ ਗੱਲ ਸਿਰੇ ਲੱਗ ਗਈ ਤਾਂ ਸਭ ਤੋਂ ਵੱਡੀ ਸੱਟ ਬਾਦਲਾਂ ਦੀਆਂ ਬੱਸਾਂ ਨੂੰ ਪਵੇਗੀ।

ਮਿਲੀ ਜਾਣਕਾਰੀ ਅਨੁਸਾਰ ਟਰਾਂਸਪੋਰਟ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੇ 25 ਸਤੰਬਰ ਨੂੰ ਉੱਚ ਪੱਧਰੀ ਬੈਠਕ ਕੀਤੀ ਸੀ, ਜਿੱਥੇ ਫ਼ੈਸਲਾ ਹੋਇਆ ਹੈ ਕਿ ਗ਼ੈਰ ਕਾਨੂੰਨੀ ਤੌਰ 'ਤੇ ਵਧਾਏ ਬੱਸ ਰੂਟਾਂ ਅਤੇ ਪਰਮਿਟਾਂ ਨੂੰ ਨਵੇਂ ਸਾਂਝੇ ਟਾਈਮ ਟੇਬਲਾਂ ਵਿਚ ਆਊਟ ਕੀਤਾ ਜਾਵੇਗਾ, ਜਿਸ ਤੋਂ ਭਾਵ ਹੈ ਕਿ ਔਰਬਿਟ ਤੇ ਡੱਬਵਾਲੀ ਬੱਸ ਕੰਪਨੀ ਦੇ ਕਰੀਬ 50 ਫ਼ੀਸਦੀ ਲੰਬਾਈ ਦੇ ਰੂਟ ਰੁਕ ਜਾਣਗੇ। ਇਸ ਫੈਸਲੇ ਪਿੱਛੋਂ ਪੰਜਾਬ ਦੇ ਸਾਰੇ ਰਿਜਨਲ ਟਰਾਂਸਪੋਰਟ ਅਥਾਰਿਟੀਜ਼ ਨੇ ਗ਼ੈਰ ਕਾਨੂੰਨੀ ਐਲਾਨੇ ਹੋਏ ਕਰੀਬ 7531 ਪਰਮਿਟ ਕੈਂਸਲ ਕਰਨ ਦੇ ਨੋਟਿਸ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਹੜੇ ਕਰੀਬ 100 ਬੱਸ ਕੰਪਨੀਆਂ ਦੇ ਹਨ। ਹਾਈ ਕੋਰਟ ਦੇ ਦਬਾਅ ਹੇਠ ਟਰਾਂਸਪੋਰਟ ਅਫ਼ਸਰ ਵੀ ਕੰਮ ਕਰਨ ਨੂੰ ਮਜਬੂਰ ਹੋਏ ਹਨ। ਇਸ ਦੌਰਾਨ ਟਰਾਂਸਪੋਰਟ ਵਿਭਾਗ ਨੇ ਕਰੀਬ 684 ਪਰਮਿਟ ਕੈਂਸਲ ਕਰਨੇ ਹਨ, ਜਿਨ੍ਹਾਂ ਦੇ ਰੂਟ ਪਰਮਿਟਾਂ ਵਿੱਚ 1840 ਵਾਧੇ ਕੀਤੇ ਗਏ ਸਨ, ਇਨ੍ਹਾਂ ਵਿੱਚੋਂ 50 ਫ਼ੀਸਦੀ ਵਾਧੇ ਇਕੱਲੇ ਬਾਦਲ ਪਰਿਵਾਰ ਦੀਆਂ ਬੱਸਾਂ ਦੇ ਹਨ। ਇਸ ਸੰਬੰਧ ਵਿੱਚ ਰੀਜਨਲ ਟਰਾਂਸਪੋਰਟ ਅਥਾਰਟੀ ਪਟਿਆਲਾ ਨੇ 26 ਸਤੰਬਰ ਨੂੰ ਪੀ ਆਰ ਟੀ ਸੀ (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ) ਅਤੇ ਪੰਜਾਬ ਰੋਡਵੇਜ਼ ਦੇ 9 ਡਿਪੂਆਂ ਦੇ ਜਨਰਲ ਮੈਨੇਜਰਾਂ ਨੂੰ ਲਿਖਿਆ ਹੈ ਕਿ ਨਵੇਂ ਬਣ ਰਹੇ ਟਾਈਮ ਟੇਬਲ ਵਿਚ ਸਿਰਫ਼ ਉਹ ਪਰਮਿਟ ਲਏ ਜਾਣ, ਜਿਨ੍ਹਾਂ ਦੀ ਐਕਸਟੈਂਸ਼ਨ ਇੱਕ ਵਾਰ ਤੋਂ ਵੱਧ (24 ਕਿਲੋਮੀਟਰ) ਨਾ ਹੋਈ ਹੋਵੇ। ਟਰਾਂਸਪੋਰਟ ਵਿਭਾਗ ਨੇ ਨਵੇਂ ਸਾਂਝੇ ਟਾਈਮ ਟੇਬਲ ਬਣਾਉਣ ਦੇ ਅਧਿਕਾਰ ਪੀ ਆਰ ਟੀ ਸੀ ਦੇ ਟਾਈਮ ਟੇਬਲ ਇੰਸਪੈਕਟਰ ਨੂੰ ਦੇ ਦਿੱਤੇ ਹਨ ਤੇ ਉਸ ਦੇ ਫਰੇਮ ਕੀਤੇ ਟਾਈਮ ਟੇਬਲ ਟਰਾਂਸਪੋਰਟ ਵਿਭਾਗ ਪਾਸ ਕਰੇਗਾ। ਸਾਂਝੇ ਟਾਈਮ ਟੇਬਲ ਵਿਚ 'ਇੱਕ ਬੱਸ ਇੱਕ ਪਰਮਿਟ' ਨੀਤੀ ਲਾਗੂ ਹੋ ਰਹੀ ਹੈ। ਮੋਟਰ ਵਹੀਕਲ ਐਕਟ ਅਨੁਸਾਰ ਇੱਕ ਬੱਸ ਪਰਮਿਟ ਦੇ ਰੂਟ ਵਿਚ ਸਿਰਫ਼ ਇੱਕ ਐਕਸਟੇਸ਼ਨ ਕਰ ਕੇ 24 ਕਿਲੋਮੀਟਰ ਵਾਧਾ ਹੋ ਸਕਦਾ ਹੈ, ਪ੍ਰੰਤੂ ਬਾਦਲਾਂ ਦੀਆਂ ਬੱਸਾਂ ਦਾ ਕਈ ਕਈ ਵਾਰ ਰੂਟਾਂ ਦਾ ਵਾਧਾ ਹੋਇਆ ਸੀ। ਕੁਝ ਕਾਂਗਰਸੀ ਲੀਡਰਾਂ ਨੂੰ ਵੀ ਇਸ ਦੀ ਮਾਰ ਪਵੇਗੀ।

# ਪਾਕਿ ਹੈਲੀਕਾਪਟਰ ਵੱਲੋਂ ਭਾਰਤੀ ਹਵਾਈ ਖੇਤਰ ਦੀ ਉਲੰਘਣਾ



ਜੰਮੂ, 30 ਸਤੰਬਰ, (ਪੋਸਟ ਬਿਊਰੋ)- ਭਾਰਤੀ ਫ਼ੌਜ ਦਾ ਕਹਿਣਾ ਹੈ ਕਿ ਅੱਜ ਦਿਨੇ ਇਕ ਪਾਕਿਸਤਾਨੀ ਹੈਲੀਕਾਪਟਰ ਨੇ ਭਾਰਤੀ ਹਵਾਈ ਖੇਤਰ ਦੀ ਕਰੀਬ ਪੰਜ ਮਿੰਟ ਤੱਕ ਉਲੰਘਣਾ ਕੀਤੀ, ਪਰ ਜਦੋਂ ਹਵਾਈ ਚੌਕਸੀ ਦੇ ਅਧਿਕਾਰੀਆਂ ਨੇ ਇਸ ਨੂੰ ਵੰਗਾਰਿਆ ਤਾਂ ਇਹ ਆਪਣੇ ਖੇਤਰ ਵੱਲ ਵਾਪਸ ਚਲਾ ਗਿਆ।

ਅੱਜ ਏਥੇ ਭਾਰਤੀ ਫੌਜ ਦੇ ਲੋਕ ਸੰਪਰਕ ਅਧਿਕਾਰੀ ਲੈਫਟੀਨੈਂਟ ਕਰਨਲ ਦੇਵੇਂ-ਦਰ ਆਨੰਦ ਨੇ ਦੱਸਿਆ ਕਿ ਬਾਅਦ ਦੁਪਹਿਰ 12:10 ਵਜੇ ਹੈਲੀਕਾਪਟਰ ਨੇ ਹਵਾਈ ਖੇਤਰ ਦੀ ਉਲੰਘਣਾ ਕੀਤੀ ਸੀ। ਇਸ ਦੌਰਾਨ ਅਗਲੀਆਂ ਪੁਜ਼ੀਸ਼ਨਾਂ 'ਤੇ ਤਾਇਨਾਤ ਭਾਰਤ ਦੇ ਹਵਾਈ ਸੰਤਰੀਆਂ ਨੇ ਛੋਟੇ ਹਥਿਆਰਾਂ ਨਾਲ ਇਸ ਨੂੰ ਵੰਗਾਰਿਆ ਸੀ। ਉਨ੍ਹਾਂ ਦੱਸਿਆ ਕਿ ਇਹ ਗੈਰ-ਫੌਜੀ ਹੈਲੀਕਾਪਟਰ ਜਾਪਦਾ ਸੀ ਤੇ ਬਹੁਤ ਉਚਾਈ 'ਤੇ ਉੱਡ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਸਫੈਦ ਹੈਲੀਕਾਪਟਰ ਗੁਲਪੁਰ ਸੈਕਟਰ 'ਚ ਭਾਰਤੀ ਹਵਾਈ ਖੇਤਰ ਵਿੱਚ ਆਇਆ ਤੇ ਪੰਜ ਮਿੰਟ ਓਥੇ ਉਡਣ ਪਿੱਛੋਂ ਮੁੜ ਗਿਆ।

ਇਸ ਦੌਰਾਨ ਅੱਜ ਕਸ਼ਮੀਰ ਦੇ ਸ਼ੋਪੀਆਂ ਜ਼ਿਲੇ ਵਿੱਚ ਇਕ ਥਾਣੇ ਉੱਤੇ ਹਮਲੇ ਦੌਰਾਨ ਇਕ ਅਤਿਵਾਦੀ ਮਾਰਿਆ ਗਿਆ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਅਤਿਵਾਦੀਆਂ ਨੇ ਸ਼ੋਪੀਆਂ 'ਚ ਥਾਣੇ ਉਤੇ ਅੰਨ੍ਹੇਵਾਹ ਗੋਲੀ ਚਲਾਈ ਤਾਂ ਚੌਕਸ ਜਵਾਨਾਂ ਨੇ ਇਸ ਦਾ ਜ਼ੋਰਦਾਰ ਜਵਾਬ ਦਿੱਤਾ। ਗੋਲੀਬਾਰੀ 'ਚ ਸਿਪਾਹੀ ਸਾਕਿਬ ਮੀਰ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਨੇੜਲੇ ਹਸਪਤਾਲ 'ਚ ਦਾਖ਼ਲ ਕਰਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਕੁਪਵਾੜਾ ਜ਼ਿਲੇ ਵਿਚ ਤੰਗਧਾਰ ਸੈਕਟਰ ਵਿੱਚ ਅਸਲ ਕੰਟਰੋਲ ਰੇਖਾ ਉੱਤੇ ਅਤਿਵਾਦੀਆਂ ਨੇ ਪਾਕਿਸਤਾਨੀ ਫ਼ੌਜ ਦੀ ਮਦਦ ਨਾਲ ਘੁਸਪੈਠ ਦੀ ਕੋਸ਼ਿਸ਼ ਕੀਤੀ, ਪਰ ਭਾਰਤੀ ਫ਼ੌਜ ਨੇ ਜਵਾਬੀ ਫਾਇਰਿੰਗ ਨਾਲ ਇਹ ਕੋਸ਼ਿਸ਼ ਨਾਕਾਮ ਕਰ ਦਿੱਤੀ।

# ਕੈਪਟਨ ਅਮਰਿੰਦਰ ਵੱਲੋਂ ਪੰਜਾਬ ਭਾਜਪਾ ਦੇ ਪ੍ਰਧਾਨ ਉੱਤੇ ਉਲਟ-ਵਾਰ

*** ਮੋਦੀ ਸਰਕਾਰ ਦੀ ਨਾਕਾਮੀ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਦੱਸੀ**



ਚੰਡੀਗੜ੍ਹ, 30 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਭਾਜਪਾ ਦੇ ਪ੍ਰਧਾਨ ਵਲੋਂ ਉਨ੍ਹਾਂ ਅਤੇ ਉਨ੍ਹਾਂ ਦੀ ਸਰਕਾਰ ਦੇ ਕੰਮ-ਕਾਜ ਉੱਤੇ ਕੀਤੀਆਂ ਸਭ ਟਿਪਣੀਆਂ ਨੂੰ ਬੇਤੁਕੀਆਂ ਅਤੇ ਹਾਸੋਹੀਣਾ ਕਰਾਰ ਦਿੰਦੇ ਹੋਏ ਕਿਹਾ ਕਿ ਇਹ ਅਸਲ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਦੀ ਨਾਕਾਮੀ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਘਟੀਆ ਹੱਥਕੰਡੇ ਵਰਤਣ ਦਾ ਯਤਨ ਹੈ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਰਕਾਰ ਚਲਾਉਣ ਦਾ ਉਨ੍ਹਾਂ ਨੂੰ ਫਤਵਾ ਦਿੱਤਾ ਹੈ, ਭਾਜਪਾ ਨੂੰ ਨਹੀਂ। ਉਨ੍ਹਾਂ ਨੇ ਸ਼ਵੇਤ ਮਲਿਕ ਨੂੰ ਸਰਕਾਰ ਦੇ ਕੰਮ-ਕਾਜ ਤੋਂ ਲਾਂਭੇ ਰਹਿਣ ਤੇ ਆਪਣੀ ਪਾਰਟੀ ਵੱਲ ਧਿਆਨ ਕੇਂਦ੍ਰਿਤ ਕਰਨ ਨੂੰ ਕਿਹਾ ਹੈ। ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਅਧਿਕਾਰੀ ਅਤੇ ਟੀਮ ਮੈਂਬਰ ਉਨ੍ਹਾਂ ਦੇ ਨਿਰਦੇਸ਼ਾਂ ਅਤੇ ਲਾਗੂ ਕਰਨ ਵਾਲੇ ਹੁਕਮਾਂ ਦੀ ਪਾਲਣਾ ਕਰਦੇ ਹਨ, ਜਿਨ੍ਹਾਂ ਲਈ ਉਨ੍ਹਾਂ ਨੂੰ ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਨੇ ਕਿਹਾ ਕਿ ਮਲਿਕ ਜਬਲੀਆਂ ਮਾਰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਦਾ ਹਰ ਮੈਂਬਰ ਵਧੀਆ ਤਰੀਕੇ ਨਾਲ ਆਪਣਾ ਕੰਮ ਕਰ ਰਿਹਾ ਹੈ, ਜਿਸ ਨਾਲ ਪ੍ਰਸ਼ਾਸਨ ਦੇ ਹਰ ਖੇਤਰ ਵਿੱਚ ਚੰਗਾ ਕੰਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਡੇਢ ਸਾਲ ਵਿੱਚ ਸਾਡੀ ਸਰਕਾਰ ਨੇ ਸਰਕਾਰੀ ਅਤੇ ਨਿੱਜੀ ਖੇਤਰ ਦੀਆਂ ਨੌਕਰੀਆਂ ਦੇ ਨਾਲ ਹੀ 3.89 ਲੱਖ ਨੌਜਵਾਨਾਂ ਨੂੰ ਸਵੈ ਰੋਜ਼ਗਾਰ ਵਿੱਚ ਲਾਇਆ ਅਤੇ ਹਰ ਰੋਜ਼ 695 ਵਿਅਤੀਆਂ ਨੂੰ ਰੋਜ਼ਗਾਰ ਦਿੱਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਵਿੱਚ ਪਹਿਲੀ ਵਾਰ ਇਸ ਰਾਜ ਦੇ ਰੀਅਲ ਅਸਟੇਟ ਖੇਤਰ ਵਿੱਚ ਉਭਾਰ ਆਇਆ ਅਤੇ ਸਟੈਂਪ ਡਿਊਟੀ ਤੇ ਰਜਿਸਟਰੇਸ਼ਨ ਮਾਲੀਏ ਦਾ 15 ਫੀਸਦੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੇ ਅਗਸਤ ਮਹੀਨੇ ਦੇ ਮੁਕਾਬਲੇ ਇਸ ਅਗਸਤ ਵਿੱਚ 35.71 ਫੀਸਦੀ ਮਾਲੀਆ ਵਧਿਆ ਹੈ। ਖੇਤੀ ਖੇਤਰ ਬਾਰੇ ਉਨ੍ਹਾਂ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਨੂੰ ਯਾਦ ਦਿਵਾਇਆ ਕਿ ਪੰਜਾਬ ਨੇ ਪਿਛਲੇ ਸਾਲ ਕਣਕ, ਝੋਨੇ ਤੇ ਕਪਾਹ ਦੇ ਖੇਤਰ ਵਿੱਚ ਰਿਕਾਰਡ ਉਦਪਾਦਨ ਕੀਤਾ ਸੀ ਤੇ ਇਸ ਸਾਲ ਵੀ ਪੰਜਾਬ ਸਾਰੇ ਰਿਕਾਰਡ ਮਾਤ ਪਾਉਣ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੀਤੇ ਦਿਨੀਂ ਪਏ ਮੀਂਹ ਨਾਲ ਨੁਕਸਾਨ ਦੇ ਬਾਵਜੂਦ ਝੋਨੇ ਦਾ ਰਿਕ-'ਰਡ ਉਦਪਾਦਨ 205 ਲੱਖ ਟਨ ਹੋਣ ਦੀ ਆਸ ਹੈ, ਇਸ ਵਾਰ ਪ੍ਰਤੀ ਹੈਕਟਅਰ 66 ਕੁਇੰਟਲ ਤੋਂ ਵੱਧ ਝਾੜ ਦੀ ਆਸ ਹੈ। ਉਨ੍ਹਾਂ ਕਿਹਾ ਕਿ ਇਸ ਵਾਰੀ ਨਰਮੇ ਦਾ ਝਾੜ 780 ਕਿਲੋਗ੍ਰਾਮ ਪ੍ਰਤੀ ਹੈਕਟਅਰ ਹੋਣ ਦੀ ਆਸ ਹੈ, ਪਿਛਲੇ ਸਾਲ ਇਹ ਝਾੜ 757 ਕਿਲੋਗ੍ਰਾਮ ਪ੍ਰਤੀ ਹੈਕਟਅਰ ਸੀ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਰਾਜ ਦੌਰਾਨ ਵੱਡੇ ਭ੍ਰਿਸ਼ਟਾਚਾਰ ਅਤੇ ਮਾੜੀਆਂ ਨੀਤੀਆਂ ਨਾਲ ਪੰਜਾਬ ਤੋਂ ਬਾਹਰ ਗਏ ਉਦਯੋਗ ਫਿਰ ਮੁੜਨ ਦੀ ਸੋਚ ਰਹੇ ਹਨ ਤੇ ਉਨ੍ਹਾਂ ਨੂੰ ਸਨਅਤੀ ਪ੍ਰਾਜੈਕਟਾਂ ਬਾਰੇ 209 ਅਰਜ਼ੀਆਂ ਮਿਲੀਆਂ ਹਨ, ਜਿਨ੍ਹਾਂ ਨਾਲ 11000 ਕਰੋੜ ਰੁਪਏ ਦੇ ਨਿਵੇਸ਼ ਅਤੇ 71635 ਨੌਕਰੀਆਂ ਦੀ ਆਸ ਹੈ।







# ਪਿਸ਼ਾਵਰ ਹਮਲੇ ਬਾਰੇ ਪਾਕਿ ਦੀਆਂ ਊਜਾਂ ਦਾ ਭਾਰਤ ਵੱਲੋਂ ਕਰਾਰਾ ਜਵਾਬ


ਯੂ ਐੱਨ ਓ, 30 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਵੱਲੋਂ ਯੂ ਐੱਨ ਓ ਦੇ ਮੰਚ ਤੋਂ ਲਾਏ ਉਸ ਬੇਬੁਨਿਆਦ ਦੋਸ਼ ਉੱਤੇ ਅੱਜ ਭਾਰਤ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪਾਕਿਸਤਾਨ ਦੇ ਪਿਸ਼ਾਵਰ ਵਿੱਚ 2014 ਵਿੱਚ ਇਕ ਸਕੂਲ 'ਤੇ ਹਮਲਾ ਕਰਨ ਵਾਲੇ ਅਤਿਵਾਦੀਆਂ ਨੂੰ ਭਾਰਤ ਦੀ ਹਮਾਇਤ ਹਾਸਲ ਸੀ। ਭਾਰਤ ਨੇ ਕੁਰੈਸ਼ੀ ਦੇ ਬਿਆਨ ਨੂੰ ਬੇਤੁਕਾ ਦੋਸ਼ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਇਹ ਬਿਆਨ ਇਸ ਹਮਲੇ ਵਿੱਚ ਮਾਰੇ ਗਏ ਬੱਚਿਆਂ ਦੀਆਂ ਯਾਦਾਂ ਨੂੰ ਬੇਇਜ਼ਤ ਕਰਨ ਵਾਲਾ ਹੈ।

ਯੂ ਐੱਨ ਓ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੀ ਰਾਜਦੂਤ ਈਨਮ ਗੰਭੀਰ ਨੇ ਭਾਰਤ ਦੇ ਮੋੜਵਾਂ ਜਵਾਬ ਦੇਣ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੇ ਯੂ ਐੱਨ ਓ ਜਨਰਲ ਅਸੈਂਬਲੀ ਵਿੱਚ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਤੇ ਕਿਹਾ, 'ਚਾਰ ਸਾਲ ਪਹਿਲਾਂ ਪਿਸ਼ਾਵਰ ਦੇ ਇਕ ਸਕੂਲ ਉਤੇ ਹੋਏ ਹਮਲੇ ਦੇ ਸਬੰਧ ਵਿੱਚ ਲਾਇਆ ਦੋਸ਼ ਬੇਤੁਕਾ ਤੇ ਗੰਭੀਰ ਹੈ।' ਉਨ੍ਹਾਂ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਾਲੀ ਨਵੀਂ ਪਾਕਿਸਤਾਨ ਸਰਕਾਰ ਨੂੰ ਚੇਤੇ ਕਰਵਾਇਆ ਕਿ 2014 ਵਿੱਚ ਸਕੂਲੀ ਬੱਚਿਆਂ ਉੱਤੇ ਹੋਏ ਹਮਲੇ ਬਾਰੇ ਭਾਰਤ ਨੂੰ ਬਹੁਤ ਦੁੱਖ ਪਹੁੰਚਿਆ ਸੀ ਤੇ ਭਾਰਤੀ ਪਾਰਲੀਮੈਂਟ ਦੇ ਦੋਵੇਂ ਸਦਨਾਂ ਵਿੱਚ ਸ਼ੋਕ ਮਨਾਇਆ ਗਿਆ ਸੀ ਅਤੇ 'ਮਾਰੇ ਗਏ ਬੱਚਿਆਂ ਦੀ ਯਾਦ ਵਿੱਚ ਭਾਰਤ ਦੇ ਸਾਰੇ ਸਕੂਲਾਂ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ ਸੀ।' ਪਾਕਿ ਵਿਦੇਸ਼ ਮੰਤਰੀ ਕੁਰੈਸ਼ੀ ਵੱਲੋਂ ਕਸ਼ਮੀਰ ਦਾ ਮੁੱਦਾ ਉਠਾਉਣ ਉਤੇ ਉਨ੍ਹਾਂ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੀ ਨਵੀਂ ਸਰਕਾਰ ਨੂੰ ਸਾਫ ਕਰ ਦਿੱਤਾ ਹੈ ਕਿ ਪੂਰਾ ਜੰਮੂ ਕਸ਼ਮੀਰ ਭਾਰਤ ਦਾ ਅਟੁੱਟ ਹਿਸਾ ਹੈ ਤੇ ਅੱਗੋਂ ਵੀ ਰਹੇਗਾ।









# ਹੋਮ ਲਾਈਫ਼ ਸਿਲਵਰ ਸਿਟੀ ਬਣੇਗੀ ਪੰਜ ਤਾਰਾ ਬ੍ਰੋਕਰੇਜ : ਐਂਡਰਿਊ ਸਿਮਰਮੈਨ













ਜ਼ਿਕਰਯੋਗ ਹੈ ਕਿ ਇਹ ਪ੍ਰੋਗਰਾਮ ਸਵੇਰੇ 11 ਵਜੇ ਸ਼ੁਰੂ ਹੋ ਗਿਆ ਸੀ ਤੇ ਸ਼ਾਮ ਪੰਜ ਵਜੇ ਤੱਕ ਚੱਲਦਾ ਰਿਹਾ। ਯਾਦ ਰਹੇ ਕਿ ਹੋਮ ਲਾਈਫ਼ ਸਿਲਵਰ ਸਿਟੀ ਦੀ ਪਿਕਨਿਕ ਜਿਥੇ ਨਵੇ ਰਿਕਾਰਡ ਸਥਾਪਿਤ ਕਰਦੀ ਰਹੀ ਹੈ, ਉਥੇ ਹੀ ਇਸ ਵਾਰ ਸਾਲ 2018 ਵਿਚ ਜੇਕਰ ਕਿਸੇ ਬਿਜ਼ਨਸ ਦੀ ਓਪਨਿੰਗ ਉਤੇ ਇੰਨਾ ਵੱਡਾ ਇਕੱਠ ਹੋਇਆ ਹੈ, ਉਸ ਵਿਚ ਵੀ ਹੋਮ ਲਾਈਫ ਸਿਲਵਰ ਸਿਟੀ ਨੇ ਇਕ ਰਿਕਾਰਡ ਸਥਾਪਿਤ ਕਰ ਦਿੱਤਾ।









.....ਪੰਨਾ 1 ਦਾ ਬਾਕੀ

ਇਸ ਦਫ਼ਤਰ ਵਿਚ ਜਿਥੇ ਰੀਸੇਲ ਲਈ ਆਪਣਾ ਵੱਖਰਾ ਵਿਭਾਗ ਹੈ, ਉਥੇ ਹੀ ਪ੍ਰੀ ਕੰਸਟ੍ਰਕਸ਼ਨ ਤੇ ਕਮਰਸ਼ੀਅਲ ਲਈ ਵੀ ਵੱਖਰੀ ਡਿਵੀਜ਼ਨ ਬਣਾ ਦਿੱਤੀ ਗਈ ਹੈ ਤਾਂ ਜੋ ਜਿਸ ਖੇਤਰ ਵਿਚ ਵੀ ਕੋਈ ਰੀਐਲਟਰ ਕੰਮ ਕਰ ਰਿਹਾ ਹੈ, ਉਸ ਨੂੰ ਉਸ ਖੇਤਰ ਵਿਚ ਕੰਮ ਕਰਨਾ ਸੌਖਾ ਹੋ ਜਾਵੇ। ਅਜੀਤ ਗਰਚਾ ਤੇ ਬਲਜੀਤ ਗਰਚਾ ਵਲੋ ਕੁੱਝ ਹੀ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਇਸ ਰੀਅਲ ਅਸਟੇਟ ਬ੍ਰੋਕਰੇਜ ਨੇ ਹੋਮ ਲਾਈਫ਼ ਸਿਲਵਰ ਸਿਟੀ ਦੇ ਇਤਿਹਾਸ ਵਿਚ ਇਕ ਨਵਾਂ ਰਿਕਾਰਡ ਸਥਾਪਿਤ ਕੀਤਾ ਹੈ। ਹੋਮਲਾਈਫ਼ ਦੇ ਪ੍ਰੈਜ਼ੀਡੈਂਟ ਐਂਡ੍ਰਿਊ ਸਿਮਰਮੈਨ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੂਰੀ ਦੁਨੀਆਂ ਵਿਚ ਜਿੰਨੀਆਂ ਸਾਡੀਆਂ ਬਰਾਂਚਜ਼ ਹਨ, ਉਨ੍ਹਾਂ ਵਿਚੋਂ ਜੇਕਰ ਕਿਸੇ ਬਰਾਂਚ ਨੇ ਇਕ ਦਮ ਇੰਨੀ ਤਰੱਕੀ ਕਰਕੇ ਸਭ ਨੂੰ ਹੈਰਾਨ ਕੀਤਾ ਹੈ, ਤਾਂ ਉਹ ਹੋਮ ਲਾਈਫ਼ ਸਿਲਵਰ ਸਿਟੀ ਦੀ ਬਰਾਂਚ ਹੈ।

ਉਨ੍ਹਾਂ ਕਿਹਾ ਕਿ ਹੋਮ ਲਾਈਫ਼ ਸਿਲਵਰ ਸਿਟੀ ਨੇ ਆਲੀਸ਼ਾਨ ਤੇ ਟਾਪ ਕੁਆਲਿਟੀ ਦਾ ਦਫ਼ਤਰ ਬਣਾ ਕੇ ਤੇ ਨਾਲ ਦੀ ਨਾਲ ਜਿਸ ਤਰ੍ਹਾਂ ਦੀ ਆਪਣੇ ਕਲਾਂਈਟਸ ਨੂੰ ਸਰਵਿਸ ਪ੍ਰਦਾਨ ਕੀਤੀ ਹੈ, ਉਸ ਤੋਂ ਖੁਸ਼ ਹੋ ਕੇ ਹੋਮ ਲਾਈਫ਼ ਨੇ ਫੈਸਲਾ ਲਿਆ ਹੈ ਕਿ ਉਨ੍ਹਾਂ ਦੀ ਇਸ ਬਰਾਂਚ ਨੂੰ 5 ਸਟਾਰ ਬ੍ਰੋਕਰੇਜ ਦਾ ਦਰਜਾ ਦਿੱਤਾ ਜਾਵੇਗਾ। ਕਿਸੇ ਬ੍ਰੋਕਰੇਜ ਨੂੰ 5 ਸਟਾਰ ਦਾ ਦਰਜਾ ਮਿਲਣਾ ਬਹੁਤ ਹੀ ਅਹਿਮੀਅਤ ਰੱਖਦਾ ਹੈ ਤੇ ਇਸ ਪੱਧਰ ਦੀ ਬ੍ਰੋਕਰੇਜ ਅਜੇ ਕਿਸੇ ਆਸ-ਪਾਸ ਦੀਆਂ ਬ੍ਰੋਕਰੇਜਜ਼ ਵਿਚ ਸੁਣਨ ਨੂੰ ਨਹੀ ਮਿਲੀ। ਅਜੀਤ ਗਰਚਾ ਤੇ ਬਲਜੀਤ ਗਰਚਾ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਭ ਕੁੱਝ ਇਕ ਜਜ਼ਬੇ ਤਹਿਤ ਪ੍ਰਮਾਤਮਾ ਦਾ ਓਟ ਆਸਰਾ ਲੈ ਕੇ ਨਾਲ ਦੀ ਨਾਲ ਭਾਈਚਾਰੇ ਵਲੋਂ ਮਿਲੇ ਸਹਿਯੋਗ ਸਦਕਾ ਹੀ ਹੋ ਸਕਿਆ ਹੈ। ਇਸ ਮੌਕੇ ਇਕ ਹਜ਼ਾਰ ਤੋਂ ਵੱਧ ਲੋਕਾਂ ਨੇ ਆਪਣੀ ਹਾਜ਼ਰੀ ਲਗਵਾਈ ਤੇ ਹੋਮ ਲਾਈਫ਼ ਸਿਲਵਰ ਸਿਟੀ ਦੀ ਪੂਰੀ ਟੀਮ ਨੂੰ ਮੁਬਾਰਕਵਾਦ ਦਿੱਤੀ। ਇਸ ਦੀ ਗ੍ਰੈਂਡ ਓਪਨਿੰਗ ਵਿਚ ਬਰੈਪਟਨ ਦੇ ਪੰਜੇ ਹੀ ਮੈਂਬਰ ਪਾਰਲੀਮੈਂਟ, ਜਿਨ੍ਹਾਂ ਵਿਚ ਰਾਜ ਗਰੇਵਾਲ, ਰਾਮੇਸ਼ਵਰ ਸੰਘਾ, ਰੂਬੀ ਸਹੋਤਾ, ਸੋਨੀਆ ਸਿੱਧੂ ਤੇ ਕਮਲ ਖਹਿਰਾ ਮੌਜੂਦ ਸਨ ਤੇ ਉਸ ਦੇ ਨਾਲ ਹੀ ਐਮਪੀਪੀ ਪ੍ਰਭਮੀਤ ਸਰਕਾਰੀਆ ਤੇ ਸ਼ਹਿਰ ਦੀ ਮੇਅਰ ਲਿੰਡਾ ਜਾਫਰੀ ਨੇ ਵੀ ਉਚੇਚੇ ਤੌਰ ਉਤੇ ਹਾਜਰੀ ਲਗਵਾਈ। ਸਿਟੀ ਕੌਂਸਲਰ ਗੁਰਪ੍ਰੀਤ ਢਿੱਲੋਂ ਤੇ ਸਕੂਲ ਟਰੱਸਟੀ ਹਰਕੀਰਤ ਸਿੰਘ ਨੇ ਵੀ ਆਪਣੀ ਹਾਜਰੀ ਲਗਵਾਈ। ਇਨ੍ਹਾਂ ਤੋਂ ਇਲਾਵਾ ਮਿਊਂਸੀਪਾਲਿਟੀ ਦੇ ਚੋਣ ਮੈਦਾਨ ਵਿਚ ਉਤਰੇ ਬਹੁਤ ਸਾਰੇ ਉਮੀਦਵਾਰਾਂ ਨੇ ਵੀ ਆਪਣੇ ਨੈਟਵਰਕ ਨੂੰ ਵਧਾਉਣ ਦਾ ਲਾਹਾ ਲਿਆ। ਪ੍ਰਸਿੱਧ ਰੇਡੀਓ ਹੋਸਟ ਕੁਲਵਿੰਦਰ ਛੀਨਾ ਵਲੋਂ ਇਸ ਪ੍ਰੋਗਰਾਮ ਦੀ ਸਟੇਜ ਦੀ ਜ਼ਿੰਮੇਵਾਰੀ ਬਖੂਬੀ ਨਿਭਾਈ ਗਈ ਤੇ ਐਂਡ੍ਰਿਊ ਸਿਮਰਮੈਨ, ਹੋਮ ਲਾਈਫ਼ ਦੇ ਪ੍ਰੈਜ਼ੀਡੈਂਟ ਵਲੋਂ ਬੜੇ ਹੀ ਜੋਸ਼ੀਲੇ ਢੰਗ ਨਾਲ ਆਏ ਮਹਿਮਾਨਾਂ ਨੂੰ ਸੰਬੋਧਨ ਕੀਤਾ ਗਿਆ ਤੇ ਸਾਰੀ ਹੀ ਹੋਮ ਲਾਈਫ਼ ਸਿਲਵਰ ਸਿਟੀ ਦੀ ਟੀਮ ਨੂੰ ਮੁਬਾਰਕਵਾਦ ਦਿੱਤੀ। ਉਨ੍ਹਾਂ ਕਿਹਾ ਕਿ ਅਜੀਤ ਗਰਚਾ, ਬਲਜੀਤ ਗਰਚਾ ਤੇ ਇਨ੍ਹਾਂ ਦੀ ਟੀਮ ਨੇ ਸਾਡੀ ਪੂਰੀ ਦੀ ਪੂਰੀ ਹੋਮ ਲਾਈਫ਼ ਦਾ ਮਾਣ ਵਧਾਇਆ ਹੈ ਤੇ ਅਸੀਂ ਇਨ੍ਹਾਂ ਨੂੰ ਹੋਰ ਸ਼ੁਭ ਇੱਛਾਵਾਂ ਦਿੰਦੇ ਹਾਂ ਕਿ ਆਉਣ ਵਾਲੇ ਸਮੇ ਵਿਚ ਇਹ ਸਾਡੀ ਸਭ ਤੋ ਵੱਡੀ ਬ੍ਰੋਕਰੇਜ ਬਣੇ।

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ
- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਕੀ ਨਾਫਟਾ ਡੀਲ ਵਿੱਚ ਕੈਨੇਡਾ ਹੋ ਸਕੇਗਾ ਸ਼ਾਮਲ ?

...ਪੰਨਾ 1 ਦਾ ਬਾਕੀ

ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਤੇ ਅਮਰੀਕਾ ਵਿੱਚ ਕੈਨੇਡਾ ਦੇ ਸਫੀਰ ਡੇਵਿਡ ਮੈਕਨਾਟਨ ਓਟਵਾ ਵਿੱਚ ਕਾਂਗਰਸ ਵੱਲੋਂ ਮਿਥੀ ਗਈ ਡੈੱਡਲਾਈਨ ਵਾਲੀ ਸ਼ਾਮ ਨੂੰ ਕੈਨੇਡਾ ਨੂੰ ਮੈਕਸਿਕੋ ਤੇ ਅਮਰੀਕਾ ਨਾਲ ਤਿੱਪਖੀ ਨਾਫਟਾ ਡੀਲ ਵਿੱਚ ਸ਼ਾਮਲ ਕਰਵਾਉਣ ਲਈ ਲਾਂਗ ਡਿਸਟੈਂਸ ਤੇ ਆਖਰੀ ਮਿੰਟ ਵਾਲੀ ਗੱਲਬਾਤ ਵਿੱਚ ਹਿੱਸਾ ਲੈ ਰਹੇ ਸਨ। ਐਤਵਾਰ ਨੂੰ ਗੱਲਬਾਤ ਦਾ ਕੇਂਦਰ ਇੱਕ ਤਰ੍ਹਾਂ ਦਾ ਯਕੀਨ ਜੁਟਾਉਣਾ ਸੀ ਜਿਸ ਨਾਲ ਕੈਨੇਡਾ ਨੂੰ ਸੈਕਸ਼ਨ 232 ਤਹਿਤ ਸਟੀਲ, ਐਲੂਮੀਨੀਅਮ ਤੇ ਆਟੋ ਐਕਸਪੋਰਟ ਉੱਤੇ ਲਾਏ ਜਾਣ ਵਾਲੇ ਟੈਰਿਫਜ਼ ਤੋਂ ਰਾਹਤ ਮਿਲ ਸਕੇ। ਅਜਿਹੇ ਟੈਰਿਫਜ਼ ਜਾਂ ਤਾਂ ਟਰੰਪ ਨੈਸ਼ਨਲ ਸਕਿਊਰਿਟੀ ਦੇ ਨਾਂ ਉੱਤੇ ਪਹਿਲਾਂ ਹੀ ਲਾ ਚੁੱਕੇ ਹਨ ਜਾਂ ਲਾਉਣ ਦੀ ਧਮਕੀ ਦੇ ਚੁੱਕੇ ਹਨ।

ਇਸ ਸਬੰਧ ਵਿੱਚ ਟਰੇਡ ਮਾਹਿਰਾਂ ਦਾ ਮੰਨਣਾ ਹੈ ਕਿ ਸਮਝੌਤਾ ਹੁਣ ਵੱਟ ਉੱਤੇ ਹੀ ਹੈ। ਅਮਰੀਕਾ ਦੇ ਆਟੋਮੇਕਰਜ਼ ਤੇ ਆਟੋ ਪਾਰਟਸ ਨਿਰਮਾਤਾਵਾਂ ਦੀ ਨੁਮਾਇੰਦਗੀ ਕਰਨ ਵਾਲੇ ਤੇ ਓਹਾਇਓ ਸਥਿਤ ਡਿਕਿਨਸਨ ਰਾਈਟ ਵਿੱਚ ਕੰਮ ਕਰਨ ਵਾਲੇ ਕੌਮਾਂਤਰੀ ਟਰੇਡ ਲਾਇਰ ਡੈਨੀਅਲ ਉਜ਼ਕੋ ਨੇ ਆਖਿਆ ਕਿ ਹੁਣ ਉਹ ਡੀਲ ਨੂੰ ਨੇਪਰੇ ਚੜ੍ਹਾਉਣ ਦੇ ਕਾਫੀ ਨੇੜੇ ਹਨ। ਹੁਣ ਸਵਾਲ ਇਹ ਨਹੀਂ ਹੈ ਕਿ ਜੇ ਇਹ ਡੀਲ ਸਿਰੇ ਚੜ੍ਹਦੀ ਹੈ ਸਗੋਂ ਸਵਾਲ ਹੈ ਕਦੋਂ ਇਹ ਡੀਲ ਸਿਰੇ ਚੜ੍ਹਦੀ ਹੈ। ਉਨ੍ਹਾਂ ਆਖਿਆ ਕਿ ਕਾਫੀ ਕੁੱਝ ਚੱਲ ਰਿਹਾ ਹੈ। ਅਮਰੀਕਾ ਦੇ ਵਾਰਤਾਕਾਰ ਵੀ ਕਈ ਗੱਲਾਂ ਨੂੰ ਲੈ ਕੇ ਸਹਿਮਤ ਹਨ ਪਰ ਅਜੇ ਵੀ ਇਸ ਡੀਲ ਉੱਤੇ ਆਖਰੀ ਮੋਹਰ ਟਰੰਪ ਵੱਲੋਂ ਹੀ ਲਾਈ ਜਾਣੀ ਹੈ। ਇਸ ਲਈ ਇਹ ਕੋਈ ਨਹੀਂ ਜਾਣਦਾ ਕਿ ਉਹ ਇਸ ਬਾਰੇ ਕੀ ਸੋਚ ਰਹੇ ਹਨ।

# ਇੰਡੋਨੇਸ਼ੀਆ ਵਿੱਚ ਆਏ ਭੂਚਾਲ ਤੇ ਸੁਨਾਮੀ ਕਾਰਨ 800 ਤੋਂ ਵੱਧ ਲੋਕ ਮਾਰੇ ਗਏ





...ਪੰਨਾ 1 ਦਾ ਬਾਕੀ

ਨੈਸ਼ਨਲ ਸਰਚ ਐਂਡ ਰੈਸਕਿਊ ਏਜੰਸੀ ਅਨੁਸਾਰ ਰੋਆ ਰੋਆ ਹੋਟਲ ਦੇ ਮਲਬੇ ਵਿੱਚ ਇੱਕ 25 ਸਾਲਾ ਮਹਿਲਾਂ ਨੂੰ ਜਿਊਂਦਾ ਬਾਹਰ ਕੱਢਿਆ ਗਿਆ ਹੈ। ਘੱਟੋ ਘੱਟ 832 ਲੋਕ ਭੂਚਾਲ ਤੇ ਸੁਨਾਮੀ ਕਾਰਨ ਮਾਰੇ ਜਾ ਚੁੱਕੇ ਹਨ।

ਇਹ ਭੂਚਾਲ ਤੇ ਸੁਨਾਮੀ ਸ਼ੁੱਕਰਵਾਰ ਸ਼ਾਮ ਨੂੰ ਆਏ। ਇੰਡੋਨੇਸ਼ੀਆ ਦੀ ਡਿਜ਼ਾਜ਼ਸਟਰ ਏਜੰਸੀ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਲੱਗਭਗ ਸਾਰੇ ਹੀ ਪਾਲੂ ਤੋਂ ਸਨ। ਡੌਨਗਾਲਾ, ਸਿਗੀ ਤੇ ਪਰੀਗੀ ਮੋਊਤੌਂਗ ਇਲਾਕਿਆਂ ਦੀ ਸਾਂਝੀ ਆਬਾਦੀ 1.2 ਮਿਲੀਅਨ ਹੈ ਤੇ ਇਨ੍ਹਾਂ ਤੱਕ ਅਜੇ ਤੱਕ ਵੀ ਪਹੁੰਚਿਆ ਜਾ ਸਕਿਆ। ਡਿਜ਼ਾਜ਼ਸਟਰ ਏਜੰਸੀ ਦੀ ਤਰਜ਼ਮਾਨ ਸੁਟੋਪੋ ਪੁਰਵੋ ਨੁਗਰੋਹੋ ਨੇ ਦੱਸਿਆ ਕਿ ਮ੍ਰਿਤਕਾਂ ਦੀ ਗਿਣਤੀ ਵਿੱਚ ਅਜੇ ਵੀ ਵਾਧਾ ਹੋਣ ਦੀ ਸੰਭਾਵਨਾ ਹੈ। ਅਜੇ ਵੀ ਕਈ ਲਾਸ਼ਾਂ ਮਲਬੇ ਥੱਲੇ ਦੱਬੀਆਂ ਹੋਣ ਕਾਰਨ ਮ੍ਰਿਤਕਾਂ ਦੀ ਸਹੀ ਗਿਣਤੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕ ਰਿਹਾ।

Canadian Punjabi Post

ਪੰਜਾਬੀ ਪੋਸਟ

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਧੌਲਾ ਦੇ ਗੁਰਦੁਆਰੇ ਵਿੱਚ ਰਾਜਸੀ ਮੀਟਿੰਗ ਕਰਨ-ਰੋਕਣ ਦੋ ਧਿਰਾਂ ਦਾ ਟਕਰਾਅ

ਰੁੜਕੇ ਕਲਾਂ, 30 ਸਤੰਬਰ (ਪੋਸਟ ਬਿਊਰੋ)- ਪਿੰਡ ਧੌਲਾ ਦੇ ਗੁਰਦੁਆਰਾ ਸੋਹੀਆਣਾ ਵਿਖੇ ਅਕਾਲੀ ਵਰਕਰਾਂ ਅਤੇ ਵਿਰੋਧੀਆਂ ਦੇ ਟਕਰਾਅ ਦੌਰਾਨ ਖਿੱਚ-ਧੂਹ ਹੋਈ ਅਤੇ ਇੱਕ ਨੌਜਵਾਨ ਦੀ ਪੱਗ ਵੀ ਲੱਥ ਗਈ।

ਇਸ ਸੰਬੰਧ ਵਿੱਚ ਦੱਸਿਆ ਗਿਆ ਹੈ ਕਿ ਅਕਾਲੀ ਦਲ ਨੇ ਕੱਲ੍ਹ ਪਿੰਡ ਧੌਲਾ ਦੇ ਗੁਰਦੁਆਰਾ ਸੋਹੀਆਣਾ ਸਾਹਿਬ ਵਿਖੇ ਹਲਕਾ ਇੰਚਾਰਜ ਸਤਨਾਮ ਸਿੰਘ ਰਾਹੀ ਦੀ ਅਗਵਾਈ ਵਿੱਚ ਹਲਕਾ ਪੱਧਰੀ ਮੀਟਿੰਗ ਰੱਖੀ ਸੀ, ਜਿਸ ਵਿੱਚ ਬਲਾਕ ਸਮਿਤੀ ਚੋਣਾਂ ਦੇ ਜੇਤੂਆਂ ਦਾ ਸਨਮਾਨ ਕਰਨਾ ਸੀ। ਇਸ ਮੀਟਿੰਗ ਮੌਕੇ ਕੁਝ ਵਿਅਕਤੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਨਾਅਰੇ ਲਾਉਂਦੇ ਹੋਏ ਅੰਦਰ ਦਾਖਲ ਹੋ ਗਏ ਤੇ ਗੁਰਦੁਆਰੇ ਵਿੱਚ ਅਕਾਲੀ ਦਲ ਦੀ ਸਿਆਸੀ ਮੀਟਿੰਗ ਦਾ ਵਿਰੋਧ ਕਰਨ ਲੱਗੇ। ਜਦੋਂ ਅਕਾਲੀ ਦਲ ਦਾ ਬੁਲਾਰਾ ਬੋਲਣ ਤੋਂ ਨਾ ਹਟਿਆ ਤਾਂ ਰੋਸ ਪ੍ਰਗਟਾ ਰਹੇ ਵਿਅਕਤੀ ਮਾਈਕ ਬੰਦ ਕਰਨ ਲੱਗੇ, ਜਿਸ ਕਾਰਨ ਤਣਾਅ ਹੋ ਗਿਆ। ਇਸ ਮੌਕੇ ਹੱਥੋਪਾਈ ਹੋਈ ਅਤੇ ਇੱਕ ਨੌਜਵਾਨ ਦੀ ਪੱਗ ਲੱਥ ਗਈ। ਇਸ ਮਗਰੋਂ ਅਕਾਲੀ ਵਰਕਰਾਂ ਨੇ ਦੂਜੀ ਧਿਰ ਦੇ ਨੌਜਵਾਨਾਂ ਨੂੰ ਧੂਹ ਕੇ ਗੁਰਦੁਆਰੇ ਤੋਂ ਬਾਹਰ ਕੱਢ ਦਿੱਤਾ। ਵਿਰੋਧ ਕਰਨ ਵਾਲੇ ਨੌਜਵਾਨਾਂ ਨੇ ਦੋਸ਼ ਲਾਇਆ ਕਿ ਅਕਾਲੀ ਦਲ ਵੱਲੋਂ ਗੁਰਦੁਆਰੇ ਦੇ ਦਰਬਾਰ ਹਾਲ ਵਿੱਚ ਸਿਆਸੀ ਮੀਟਿੰਗ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਆਪਣੇ ਆਗੂਆਂ ਦੇ ਹੱਕ ਵਿੱਚ ਨਾਅਰੇ ਲਾਏ ਜਾ ਰਹੇ ਸਨ, ਜਿਸ ਦਾ ਉਨ੍ਹਾਂ ਨੇ ਸ਼ਾਂਤਮਈ ਵਿਰੋਧ ਕੀਤਾ ਸੀ, ਪਰ ਅਕਾਲੀਆਂ ਨੇ ਆਪਣੀ ਗਲਤੀ ਮੰਨਣ ਦੀ ਥਾਂ ਉਨ੍ਹਾਂ ਉਤੇ ਹਮਲਾ ਕਰ ਦਿੱਤਾ, ਜਿਸ ਦੌਰਾਨ ਇੱਕ ਨੌਜਵਾਨ ਦੀ ਪੱਗ ਲੱਥ ਗਈ ਸੀ। ਅਕਾਲੀ ਦਲ ਦੇ ਹਲਕਾ ਇੰਚਾਰਜ ਸਤਨਾਮ ਸਿੰਘ ਰਾਹੀ ਨੇ ਕਿਹਾ ਕਿ ਆਪਣੀ ਗੱਲ ਕਹਿਣ ਦਾ ਹੱਕ ਸਭ ਨੂੰ ਹੈ ਤੇ ਦੂਜੀ ਧਿਰ ਬਾਹਰ ਰੋਸ ਪ੍ਰਗਟਾ ਸਕਦੀ ਸੀ, ਪਰ ਉਨ੍ਹਾਂ ਨੇ ਦਰਬਾਰ ਸਾਹਿਬ ਅੰਦਰ ਆ ਕੇ ਨਾਅਰੇਬਾਜ਼ੀ ਕੀਤੀ ਤੇ ਮਾਈਕ ਖੋਹ ਲਿਆ, ਜਿਸ ਕਾਰਨ ਟਕਰਾਅ ਵਾਲੀ ਸਥਿਤੀ ਬਣੀ ਸੀ।

# ਨਵੀਂ ਭਰਤੀ ਬਾਰੇ ਪ੍ਰਿੰਸੀਪਲ ਸਮੇਤ 12 ਮੁਲਾਜ਼ਮਾਂ ਨੂੰ ਹਾਈ ਕੋਰਟ ਦਾ ਸੰਮਨ

ਰੂਪਨਗਰ, 30 ਸਤੰਬਰ (ਪੋਸਟ ਬਿਊਰੋ)- ਸਰਕਾਰੀ ਕਾਲਜ ਰੂਪਨਗਰ ਵਿੱਚ ਰੈਗੂਲਰ ਭਰਤੀ ਬੇਨਿਯਮੀਆਂ ਬਾਰੇ ਹਾਈ ਕੋਰਟ ਨੇ ਪ੍ਰਿੰਸੀਪਲ ਸਨੇਹਲਤਾ ਬਧਵਾਰ ਸਮੇਤ 12 ਜਣਿਆਂ ਨੂੰ ਸੰਮਨ ਜਾਰੀ ਕੀਤੇ ਹਨ। ਇਸ ਸਰਕਾਰੀ ਕਾਲਜ ਦੇ ਮੁਲਾਜ਼ਮ ਸਰਵਜੀਤ ਸਿੰਘ, ਰਾਜ ਕੁਮਾਰ, ਗੁਰਬਚਨ ਸਿੰਘ, ਰਣਜੀਤ ਕੁਮਾਰ ਅਤੇ ਅਨਾਮਿਕਾ ਸ਼ੇਖਾਵਤ ਨੇ ਦੱਸਿਆ ਕਿ ਸਰਕਾਰੀ ਕਾਲਜ ਦੀ ਸਿਲੈਕਸ਼ਨ ਕਮੇਟੀ ਨੇ ਅੱਠ ਰੈਗੂਲਰ ਮੁਲਾਜ਼ਮਾਂ ਦੀ ਭਰਤੀ ਕਰਨੀ ਸੀ, ਜਿਸ ਵਿੱਚ ਦੋ ਪੀਅਨ, ਇਕ ਸਫਾਈ ਸੇਵਕ, ਇਕ ਚੌਕੀਦਾਰ ਅਤੇ ਚਾਰ ਲੈਬ ਅਟੈਂਡੈਂਟ ਸ਼ਾਮਲ ਸਨ, ਪਰ ਉਪਰੋਕਤ ਭਾਰਤੀ ਵਿੱਚ ਬੇਨਿਯਮੀਆਂ ਵਰਤੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਕਾਲਜ ਵਿੱਚ ਮੁਲਾਜ਼ਮ ਬੀਤੇ ਪੰਜ ਤੋਂ ਅੱਠ ਸਾਲਾਂ ਤੋਂ ਲਗਾਤਾਰ ਕੰਮ ਕਰ ਰਹੇ ਹਨ ਤੇ ਕੁਝ ਮੁਲਾਜ਼ਮ 15 -20 ਸਾਲਾਂ ਤੋਂ ਤਰੱਕੀ ਦੀ ਰਾਹ ਦੇਖ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਅੱਠ ਅਹੁਦੇ ਭਰੇ ਜਾਣੇ ਸਨ ਅਤੇ ਇੰਟਰਵਿਊ ਲਈ ਅੱਠ ਹੀ ਵਿਅਕਤੀ ਪਹੁੰਚੇ ਸਨ, ਜੋ ਕਾਲਜ ਦੇ ਸਟਾਫ ਜਾਂ ਅਧਿਕਾਰੀਆਂ ਦੇ ਨੇੜੂ ਦੱਸੇ ਗਏ। ਹਾਈ ਕੋਰਟ ਨੇ ਚੁਣੇ ਗਏ ਉਮੀਦਵਾਰਾਂ ਅਤੇ ਪ੍ਰਿੰਸੀਪਲ ਸਨੇਹਲਤਾ ਬਧਵਾਰ ਨੂੰ ਇਸ ਮਾਮਲੇ ਵਿੱਚ ਸੰਮਨ ਜਾਰੀ ਕਰ ਕੇ ਸੁਣਵਾਈ ਦੀ ਤਰੀਕ 17 ਦਸੰਬਰ ਨਿਰਧਾਰਿਤ ਕੀਤੀ ਹੈ।

# ਵਿਰੋਧੀ ਧਿਰ ਦੇ ਆਗੂ ਚੀਮਾ ਨੇ ਸਰਕਾਰ ਕੋਲੋਂ ਕੈਮਰੀ ਕਾਰ ਲੈਣ ਤੋਂ ਨਾਂਹ ਕੀਤੀ

ਬਠਿੰਡਾ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਰਕਾਰ ਦੀ ਕੈਮਰੀ ਕਾਰ ਲੈਣ ਤੋਂ ਨਾਂਹ ਕਰ ਦਿੱਤੀ ਹੈ। ਉਹ ਵਿਧਾਇਕ ਵਜੋਂ ਮਿਲੀ ਇਨੋਵਾ ਗੱਡੀ ਹੀ ਵਰਤਦੇ ਪਏ ਹਨ। ਪੰਜਾਬ ਸਰਕਾਰ ਨੇ ਪਿਛਲੇ 26 ਸਤੰਬਰ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਵਿਰੋਧੀ ਧਿਰ ਦੇ ਨੇਤਾ ਨੂੰ ਪ੍ਰਾਈਵੇਟ ਗੱਡੀ ਵਰਤਣ ਦੀ ਖੁੱਲ੍ਹ ਦੇ ਦਿੱਤੀ ਹੈ, ਜਿਸ ਨਾਲ ਉਨ੍ਹਾਂ ਨੂੰ ਮੰਤਰੀ ਵਾਂਗ ਪ੍ਰਤੀ ਕਿਲੋਮੀਟਰ ਦੇ 15 ਰੁਪਏ ਤੇ ਡਰਾਈਵਰ ਦੇ ਨਾਲ ਗੱਡੀ ਦੀ ਮੁਰੰਮਤ ਦੇ ਖਰਚੇ ਦੇ ਪ੍ਰਤੀ ਮਹੀਨਾ 10 ਹਜ਼ਾਰ ਰੁਪਏ ਮਿਲਣਗੇ।

ਇਸ ਸੰਬੰਧ ਵਿੱਚ ਕਾਨੂੰਨੀ ਅਤੇ ਵਿਧਾਇਕ ਮਾਮਲੇ ਵਿਭਾਗ ਨੇ ਬਕਾਇਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਕਿ ਜੇ ਵਿਰੋਧੀ ਧਿਰ ਦਾ ਨੇਤਾ ਪ੍ਰਾਈਵੇਟ ਵਾਹਨ ਦੀ ਵਰਤੋਂ ਕਰਨਾ ਚਾਹੇ ਤਾਂ ਉਸ ਨੂੰ ਮੰਤਰੀ ਵਾਂਗ ਪ੍ਰਾਈਵੇਟ ਗੱਡੀ ਲਈ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਪੈਸੇ ਅਤੇ ਬਾਕੀ ਸਹੂਲਤ ਮਿਲੇਗੀ।

ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਸਰਕਾਰ ਨੇ ਜੋ ਕੈਮਰੀ ਕਾਰ ਦੇਣੀ ਸੀ, ਉਸ ਦੀ ਹਾਲਤ ਖਸਤਾ ਹੋਣ ਕਰਕੇ ਉਨ੍ਹਾਂ ਨੇ ਪਹਿਲਾਂ ਮਿਲੀ ਇਨੋਵਾ ਵਰਤਣੀ ਸ਼ੁਰੂ ਕਰ ਦਿੱਤੀ ਹੈ। ਸਰਕਾਰ ਨੇ ਜਿਪਸੀ ਸੁਰੱਖਿਆ ਵਾਹਨ ਵਜੋਂ ਦਿੱਤੀ ਤਾਂ ਉਨ੍ਹਾਂ ਆਖਿਆ ਕਿ ਪ੍ਰਾਈਵੇਟ ਵਾਹਨ ਦੀ ਵਰਤੋਂ ਦੀ ਕਦੇ ਸਰਕਾਰ ਤੋਂ ਪ੍ਰਵਾਨਗੀ ਨਹੀਂ ਮੰਗੀ ਸੀ। ਚੀਮਾ ਦਾ ਕਹਿਣਾ ਸੀ ਕਿ ਉਨ੍ਹਾਂ ਲਈ ਫਿਲਹਾਲ ਮੌਜੂਦਾ ਇਨੋਵਾ ਹੀ ਠੀਕ ਹੈ ਅਤੇ ਬਾਕੀ ਖਰਚੇ ਦਾ ਹਿਸਾਬ ਫਿਰ ਦੇਖਾਂਗੇ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਸਰਕਾਰ ਨੇ ਉਨ੍ਹਾਂ ਨੂੰ ਕਾਫੀ ਸਮੇਂ ਤੋਂ ਬੰਦ ਪਿਆ ਮਕਾਨ ਅਲਾਟ ਕੀਤਾ ਹੈ, ਜਿਸ ਨੂੰ ਰੰਗ ਰੋਗਨ ਹੀ ਤਾਜ਼ਾ ਕੀਤਾ ਗਿਆ ਹੈ, ਪਰ ਉਨ੍ਹਾਂ ਕੋਈ ਨਖਰਾ ਨਹੀਂ ਦਿਖਾਇਆ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਵਜ਼ੀਰਾਂ ਨੂੰ ਵੀ ਕੈਮਰੀ ਕਾਰਾਂ ਦਿੱਤੀਆਂ ਸਨ, ਜਿਨ੍ਹਾਂ ਨੂੰ ਵਰਤਣ ਦੀ ਥਾਂ ਨੌਂ ਵਜ਼ੀਰ ਆਪੋ ਆਪਣੇ ਪ੍ਰਾਈਵੇਟ ਵਾਹਨ ਵਰਤ ਰਹੇ ਹਨ। ਸਹੁੰ ਚੁੱਕਣ ਸਮੇਂ ਸਾਰੇ ਵਜ਼ੀਰਾਂ ਨੇ ਕੈਮਰੀ ਕਾਰਾਂ ਲੈ ਲਈਆਂ ਸਨ, ਪਰ ਉਸ ਮਗਰੋਂ ਹੌਲੀ-ਹੌਲੀ ਇਕ-ਇਕ ਕਰਕੇ ਸਾਰੇ ਵਜ਼ੀਰ ਕੈਮਰੀ ਵਾਪਸ ਕਰਨ ਲੱਗੇ ਹਨ।

# ਅਕਾਲੀ-ਕਾਂਗਰਸੀ ਝਗੜੇ ਵਿੱਚ ਮਜ਼ਦੂਰ ਦੀ ਜਾਨ ਗਈ

ਭੁੱਚੋ ਮੰਡੀ, 30 ਸਤੰਬਰ (ਪੋਸਟ ਬਿਊਰੋ)- ਪਿੰਡ ਲਹਿਰਾ ਖਾਨਾ ਵਿੱਚ ਅਕਾਲੀਆਂ ਅਤੇ ਕਾਂਗਰਸੀਆਂ ਦੀ ਝੜਪ ਵਿੱਚ ਇੱਕ ਗਰੀਬ ਮਜ਼ਦੂਰ ਦੀ ਮੌਤ ਹੋਣ ਦੀ ਖਬਰ ਹੈ। ਮ੍ਰਿਤਕ ਭਜਨ ਸਿੰਘ (55) ਪੁੱਤਰ ਕੇਹਰ ਸਿੰਘ ਆਟਾ-ਦਾਲ ਸਕੀਮ ਤਹਿਤ ਧਰਮਸ਼ਾਲਾ ਕੋਲ ਸਸਤੀ ਕਣਕ ਲੈਣ ਆਇਆ ਸੀ। ਝੜਪ ਦੌਰਾਨ ਉਸ ਉਪਰ ਕਾਰ ਚੜ੍ਹ ਗਈ। ਭੁੱਚੋ ਪੁਲਸ ਨੇ ਭਾਵੇਂ ਅਕਾਲੀ ਦਲ ਦੇ ਚਾਰ ਵਰਕਰਾਂ 'ਤੇ ਕੇਸ ਦਰਜ ਕੀਤਾ ਹੈ। ਕਾਂਗਰਸੀਆਂ 'ਤੇ ਵੀ ਉਂਗਲ ਉਠੀ ਹੈ।

ਇਸ ਸੰਬੰਧ ਵਿੱਚ ਦੋਵੇਂ ਧਿਰਾਂ ਇੱਕ ਦੂਜੇ ਨੂੰ ਦੋਸ਼ੀ ਠਹਿਰਾ ਰਹੀਆਂ ਹਨ। ਕਾਂਗਰਸ ਪਾਰਟੀ ਦੇ ਆਗੂ ਤੇਜਾ ਸਿੰਘ ਦਾ ਕਹਿਣਾ ਹੈ ਕਿ ਉਹ ਕਣਕ ਵੰਡਣ ਦੇ ਕੇਸ ਬਾਰੇ ਗਰੀਬਾਂ ਦੀ ਗੱਲ ਸੁਣਨ ਲਈ ਧਰਮਸ਼ਾਲਾ ਗਏ ਸਨ। ਇਸ ਦੌਰਾਨ ਡਿਪੂ ਵਾਲੇ ਹਰਜੀਤ ਸਿੰਘ ਉਰਫ ਸ਼ਿੰਦਾ ਨੇ ਆਪਣੇ ਸਮਰਥਕਾਂ ਸਮੇਤ ਉਨ੍ਹਾਂ ਉਤੇ ਹਮਲਾ ਕਰ ਦਿੱਤਾ ਅਤੇ ਇੱਕ ਅਕਾਲੀ ਹਮਾਇਤੀ ਨੇ ਉਸ ਉਤੇ ਕਾਰ ਚੜ੍ਹਾਉਣ ਦਾ ਯਤਨ ਕੀਤਾ ਤਾਂ ਕਾਰ ਇੱਕ ਮਜ਼ਦੂਰ ਉਤੇ ਚੜ੍ਹ ਗਈ। ਦੂਜੇ ਪਾਸੇ ਅਕਾਲੀ ਹਮਾਇਤੀਆਂ ਉਤੇ ਦਰਜ ਕੀਤੇ ਪਰਚੇ ਦੇ ਵਿਰੁੱਧ ਉਨ੍ਹਾਂ ਨੇ ਭੁੱਚੋ ਪੁਲਸ ਚੌਕੀ ਅੱਗੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਪਿੰਡ ਦੇ ਸਰਪੰਚ ਸੁਰਜੀਤ ਸਿੰਘ ਅਤੇ ਅਕਾਲੀ ਸਮਰਥਕਾਂ ਨੇ ਕਿਹਾ ਕਿ ਮਜ਼ਦੂਰ ਦੀ ਮੌਤ ਕਾਂਗਰਸੀਆਂ ਦੀ ਕਾਰ ਹੇਠਾਂ ਆਣ ਕੇ ਹੋਈ ਹੈ। ਦੋਵਾਂ ਧਿਰਾਂ ਦੀ ਝੜਪ ਦੌਰਾਨ ਕਾਂਗਰਸੀ ਦਾ ਹਮਾਇਤੀ ਪਿੰਡ ਦਾ ਇੱਕ ਵਿਅਕਤੀ ਇਸ ਕਾਰ ਨੂੰ ਉਥੋਂ ਕੱਢ ਕੇ ਭੱਜਣ ਦਾ ਯਤਨ ਕਰ ਰਿਹਾ ਸੀ। ਇਸ ਦੌਰਾਨ ਕਾਰ ਮਜ਼ਦੂਰ ਉਤੇ ਚੜ੍ਹੀ ਸੀ।

ਮਿਲੀ ਜਾਣਕਾਰੀ ਅਨੁਸਾਰ ਕਾਰ ਹੇਠ ਆਉਣ ਨਾਲ ਜ਼ਖਮੀ ਹੋਣ ਪਿੱਛੋਂ ਭਜਨ ਸਿੰਘ ਨੂੰ ਆਦੇਸ਼ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਭੁੱਚੋ ਪੁਲਸ ਚੌਕੀ ਦੇ ਮੁਖੀ ਜਸਵੰਤ ਸਿੰਘ ਨੇ ਦੱਸਿਆ ਕਿ ਕਾਂਗਰਸੀ ਆਗੂ ਤੇਜਾ ਸਿੰਘ ਢੰਡੀਵਾਲ ਦੇ ਬਿਆਨਾਂ 'ਤੇ ਅਕਾਲੀ ਡਿਪੂ ਮਾਲਕ ਹਰਜੀਤ ਸਿੰਘ ਉਰਫ ਸ਼ਿੰਦਾ, ਉਸ ਦੇ ਦੋ ਪੁੱਤਰਾਂ ਅਮਨਦੀਪ ਸਿੰਘ ਅਤੇ ਕਰਮਜੀਤ ਸਿੰਘ ਅਤੇ ਭਤੀਜੇ ਬਲਵੀਰ ਸਿੰਘ ਉਰਫ ਸੰਦੀਪ ਸਿੰਘ ਦੇ ਖਿਲਾਫ ਕੇਸ ਦਰਜ ਕਰ ਕੇ ਹਰਜੀਤ ਸਿੰਘ ਅਤੇ ਬਲਵੀਰ ਸਿੰਘ ਉਰਫ ਸੰਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਸੰਤ ਬਾਬਾ ਰੇਸ਼ਮ ਸਿੰਘ ਜੀ

(ਚੱਕ ਪੱਖੀ ਵਾਲੇ, ਨੇੜੇ ਜਲਾਲਾਬਾਦ, ਜਿਲ੍ਹਾ ਫਾਜਿਲਕਾ, ਫ਼ਿਰੋਜ਼ਪੁਰ)

ਟੋਰਾਂਟੋ ਪਹੁੰਚ ਚੁੱਕੇ ਹਨ

ਸਮੂਹ ਸੰਗਤਾਂ ਵਲੋਂ ਨੌਵਾਂ ਸਲਾਨਾ ਸਮਾਗਮ


ਸਹਿਜ ਪਾਠ ਸਾਹਿਬ ਅਤੇ ਆਖੰਡ ਪਾਠ ਸਾਹਿਬ ਜੀ ਦੀ ਲੜੀ ਚਲ ਰਹੀ ਹੈ

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਸੰਤ ਬਾਬਾ ਰੇਸ਼ਮ ਸਿੰਘ ਜੀ ਚੱਕ ਪੱਖੀ ਵਾਲੇ, ਨੇੜੇ ਜਲਾਲਾਬਾਦ, ਜ਼ਿਲਾ ਫਾਜ਼ਿਲਕਾ, ਫਿਰੋਜ਼ਪੁਰ 21 **September** 2018 ਨੂੰ ਟੋਰਾਂਟੋ ਪਹੁੰਚ ਰਹੇ ਹਨ। ਬੇਅੰਤ ਸੰਗਤਾ ਬਾਬਾ ਜੀ ਪਾਸ ਗੁਰਬਾਣੀ ਉਪਦੇਸ਼ ਗ੍ਰਹਿਣ ਕਰਨ ਲਈ ਆ ਰਹੀਆਂ ਹਨ। ਸਮੂਹ ਸੰਗਤਾਂ ਵਲੋਂ ਨੌਵਾ ਸਲਾਨਾ ਸਮਾਗਮ ਸੰਗਤਾਂ ਵਲੋਂ ਅਖੰਡ ਪਾਠ ਜੀ ਦਾ ਪ੍ਰੋਗਰਾਮ

ਦਿਨ: 21-9-2018 ਨੂੰ ਅਰੰਭ ਹੋਣਗੇ।
ਭੋਗ: 23-9-2018 ਨੂੰ 10:00 ਵਜੇ ਸਵੇਰੇ।
ਦਿਨ: 24-9-2018 ਨੂੰ ਅਰੰਭ ਹੋਣਗੇ।
ਭੋਗ: 26-9-2018 ਨੂੰ 10:00 ਵਜੇ ਸਵੇਰੇ।
ਦਿਨ: 28-9-2018 ਨੂੰ ਅਰੰਭ ਹੋਣਗੇ।
ਭੋਗ: 30-9-2018 ਨੂੰ 10:00 ਵਜੇ ਸਵੇਰੇ।
ਦਿਨ: 1-10-2018 ਨੂੰ ਅਰੰਭ ਹੋਣਗੇ।
ਭੋਗ: 3-10-2018 ਨੂੰ 10:00 ਵਜੇ ਸਵੇਰੇ।

ਹਰ ਅਖੰਡ ਪਾਠ ਭੋਗ ਤੋਂ ਉਪਰੰਤ ਬਾਬਾ ਜੀ ਦੇ ਦੀਵਾਨ ਸਜਾਏ ਜਾਣਗੇ।। ਸਾਰੇ ਦਿਨਾਂ ਵਿਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਭ ਸੰਗਤਾਂ ਨੂੰ ਨਿਰਮਤਾ ਸਹਿਤ ਬੇਨਤੀ ਹੈ ਕਿ ਇਸ ਸੇਵਾ ਵਿਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਬਾਬਾ ਜੀ ਦੀ ਰਿਹਾਇਸ਼ 12435 **Heartlake Rd, Caledon, Ontario, L7C 2K4** ਵਿਖੇ ਹੈ ਜਿੱਥੇ ਤੁਸੀਂ 905-290-1112 ਤੇ' ਸੰਪਰਕ ਕਰ ਸਕਦੇ ਹੋ ।



ਸਭ ਸੰਗਤਾਂ ਨੂੰ ਖੁੱਲਾ ਸੱਦਾ

ਭੋਗ ਉਪਰੰਤ ਗੁਰਬਾਣੀ ਕੀਰਤਨ ਹੋਵੇਗਾ ਅਤੇ ਬਾਬਾ ਜੀ ਗੁਰ ਸ਼ਬਦ ਦੀਆਂ ਵਿਚਾਰਾਂ ਕਰਨਗੇ। ਸਾਰੇ ਦਿਨਾ ਵਿੱਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸੇਵਾ ਵਿੱਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਜ਼ਿਆਦਾ ਜਾਣਕਾਰੀ ਲਈ ਸ਼ਰਨਜੀਤ ਨਾਲ 416-779-9042, ਮਾਸਟਰ ਅਜੀਤ ਸਿੰਘ ਨਾਲ 416-903-3973, ਇਕਬਾਲ ਸਿੰਘ ਨਾਲ 416-708-2122 ਤੇ ਪ੍ਰਿੰਸ ਨਾਲ 416-725-5060, ਪ੍ਰਸੰਨ 6472360047, ਜੱਸਾ 437-992-5042, ਸੁਰਜੀਤ ਸਿੰਘ ਨਾਲ 647-227-1494, ਵਿੱਕੀ ਬਰਾੜ ਨਾਲ 709-763-0786 ਜਾਂ 416-873-0907 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

DIXIE TRUCK & FORKLIFT DRIVING SCHOOL
Registered Private Career College
CLASS A,Z & FORKLIFT TRAINING
Contact Us for Great Results, Early Road Tests & Flexible Timing

- Special Training For Nervous Drivers
- Lady Instructor Available
- One to One Training

Forklift $79
Air Brake
Truck Driving Course


- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# 2019 ਦੀਆਂ ਚੋਣਾਂ ਵਿੱਚ ਮੋਦੀ ਸਰਕਾਰ ਵਾਸਤੇ ਖਤਰੇ ਦੀ ਘੰਟੀ ਬਣ ਸਕਦੀ ਹੈ ਰਾਫੇਲ ਡੀਲ

-ਅਜੈ ਮਹਾਜਨ-

ਅੱਜਕੱਲ੍ਹ ਰਾਫੇਲ ਡੀਲ ਬਾਰੇ ਦੇਸ਼ ਵਿੱਚ ਬਹੁਤ ਚਰਚਾ ਚੱਲ ਰਹੀ ਹੈ। ਸੱਤਾ ਪੱਖ ਅਤੇ ਵਿਰੋਧੀ ਧਿਰ ਵੱਲੋਂ ਇਸ 'ਤੇ ਬਹੁਤ ਸਿਆਸਤ ਕੀਤੀ ਜਾ ਰਹੀ ਹੈ। ਭਾਰਤ ਦੇ ਲੋਕ ਜਾਨਣਾ ਚਾਹੁੰਦੇ ਹਨ ਕਿ ਆਖਿਰ ਸੱਚਾਈ ਕੀ ਹੈ? ਆਓ, ਤੱਥਾਂ ਦੇ ਆਧਾਰ 'ਤੇ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ਕਿ ਰਾਫੇਲ ਡੀਲ ਕੀ ਹੈ, ਕਦੋਂ ਸ਼ੁਰੂ ਹੋਈ ਅਤੇ ਯੂ ਪੀ ਏ ਸਰਕਾਰ, ਐੱਨ ਡੀ ਏ ਸਰਕਾਰ ਅਤੇ ਅਨਿਲ ਅੰਬਾਨੀ ਦੀ ਰਿਲਾਇੰਸ ਕੰਪਨੀ ਦੀ ਇਸ ਵਿੱਚ ਕੀ ਸ਼ਮੂਲੀਅਤ ਰਹੀ?

ਸੰਨ 2001 ਵਿੱਚ ਭਾਰਤੀ ਹਵਾਈ ਫੌਜ ਨੇ ਕੇਂਦਰ ਦੀ ਸਰਕਾਰ ਨੂੰ ਇੱਕ ਮਤਾ ਭੇਜਿਆ ਕਿ ਉਸ ਕੋਲ ਹੈਵੀਵੇਟ ਜਹਾਜ਼ ਤਾਂ ਬਹੁਤ ਹਨ, ਪਰ ਮੀਡੀਅਮ ਵੇਟ ਵਾਲਿਆਂ ਦੀ ਘਾਟ ਹੈ। ਸੰਨ 2007 ਵਿੱਚ ਏ ਕੇ ਐਂਟੋਨੀ ਭਾਰਤ ਦੇ ਰੱਖਿਆ ਮੰਤਰੀ ਸਨ। ਸਰਕਾਰ ਸਾਹਮਣੇ ਮੀਡੀਅਮ ਵੇਟ ਜਹਾਜ਼ ਖਰੀਦਣ ਦਾ ਮਤੇ ਲਈ ਉਸ ਨੇ ਹਾਮੀ ਭਰ ਦਿੱਤੀ ਅਤੇ ਫੈਸਲਾ ਲਿਆ ਕਿ ਭਾਰਤੀ ਹਵਾਈ ਫੌਜ ਲਈ ਮੀਡੀਅਮ ਵੇਟ ਜਹਾਜ਼ ਖਰੀਦੇ ਜਾਣਗੇ। ਇਸ 'ਤੇ ਕੰਮ ਵੀ ਸ਼ੁਰੂ ਹੋ ਗਿਆ। ਸੰਨ 2011 ਵਿੱਚ ਸਰਕਾਰ ਨੇ ਦੋ ਜਹਾਜ਼ ਮੀਡੀਅਮ ਵੇਟ ਕੈਟਾਗਰੀ ਵਿੱਚ ਸ਼ਾਰਟ ਲਿਸਟ ਕੀਤੇ। ਇਨ੍ਹਾਂ ਵਿੱਚੋਂ ਇੱਕ ਡਿਸਾਲਟ (ਜਿਸ ਨੂੰ ਫਰੈਂਚ ਬੋਲੀ ਵਿੱਚ 'ਦਾ ਸੋ' ਬੋਲਦੇ ਹਨ) ਕੰਪਨੀ ਦਾ ਰਾਫੇਲ ਜਹਾਜ਼ ਅਤੇ ਦੂਜਾ ਯੂਰਪ ਦੀ 'ਯੂਰੋ ਫਾਈਟਰ ਟਾਈਫੋਨ' ਸ਼ਾਰਟ ਲਿਸਟ ਹੋਏ ਸਨ 2012 ਵਿੱਚ ਰਾਫੇਲ ਜਹਾਜ਼ਾਂ ਦੀ ਖਰੀਦ ਉੱਤੇ ਮੋਹਰ ਲੱਗ ਗਈ ਸੀ। ਸੰਨ 2012 ਵਿੱਚ 126 ਰਾਫੇਲ ਜਹਾਜ਼ਾਂ ਦਾ ਸੌਦਾ ਹੋਇਆ ਸੀ, ਜਿਨ੍ਹਾਂ ਵਿੱਚੋਂ 18 ਜਹਾਜ਼ ਤਿਆਰ ਹਾਲਤ ਵਿੱਚ ਫਰਾਂਸੀਸੀ ਕੰਪਨੀ ਡਿਸਾਲਟ ਨੇ ਭਾਰਤ ਨੂੰ ਸਪਲਾਈ ਕਰਨੇ ਸਨ, ਜਦ ਕਿ ਬਾਕੀ 108 ਜਹਾਜ਼ ਡਿਸਾਲਟ ਐਵੀਏਸ਼ਨ ਅਤੇ ਭਾਰਤ ਸਰਕਾਰ ਦੀ ਕੰਪਨੀ ਹਿੰਦੋਸਤਾਨ ਏਅਰੋਨਾਟਿਕਸ ਲਿਮਟਿਡ ਨੇ ਸਾਂਝੇ ਤੌਰ 'ਤੇ ਭਾਰਤ 'ਚ ਤਿਆਰ ਕਰਨੇ ਸਨ, ਜਿਸ ਦੇ ਮੁਨਾਫੇ ਵਿੱਚੋਂ ਕੁਝ ਹਿੱਸਾ ਭਾਰਤ ਵਿੱਚ ਹੀ ਫੌਜੀ ਸਾਮਾਨ ਦੀ ਖੋਜ 'ਤੇ ਖਰਚ ਕੀਤਾ ਜਾਣਾ ਸੀ। 2012 ਵਿੱਚ ਰਾਫੇਲ ਜਹਾਜ਼ਾਂ ਦੀ ਕੀਮਤ ਲਗਭਗ 54 ਹਜ਼ਾਰ ਕਰੋੜ ਰੁਪਏ ਤੈਅ ਹੋਈ ਸੀ, ਜਿਸ ਦੇ ਮੁਤਾਬਕ ਇੱਕ ਰਾਫੇਲ ਜਹਾਜ਼ ਦੀ ਕੀਮਤ ਲਗਭਗ 435 ਕਰੋੜ ਰੁਪਏ ਬਣਦੀ ਸੀ।

ਫਿਰ 2014 ਵਿੱਚ ਚੋਣਾਂ ਆ ਗਈਆਂ ਤੇ ਸੱਤਾ ਬਦਲਣ ਪਿੱਛੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਵਿੱਚ ਐੱਨ ਡੀ ਏ ਦੀ ਸਰਕਾਰ ਬਣੀ। 2015 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਫਰਾਂਸ ਦੀ ਸਰਕਾਰੀ ਯਾਤਰਾ ਉਤੇ ਗਏ ਤਾਂ ਉਥੇ ਉਨ੍ਹਾਂ ਨੇ 126 ਰਾਫੇਲ ਜਹਾਜ਼ਾਂ ਦੀ ਪਿਛਲੀ ਡੀਲ ਰੱਦ ਕਰ ਕੇ ਕਿਹਾ ਕਿ ਫਰਾਂਸ ਦੀ ਡਿਸਾਲਟ ਕੰਪਨੀ ਤੋਂ ਭਾਰਤ ਸਿਰਫ 36 ਰਾਫੇਲ ਜਹਾਜ਼ ਖਰੀਦੇਗਾ। 23 ਸਤੰਬਰ 2016 ਨੂੰ ਭਾਰਤ ਦੇ ਕੇਂਦਰੀ ਮੰਤਰੀ ਸੁਭਾਸ਼ ਵਾਮੜੇ ਨੇ ਪਾਰਲੀਮੈਂਟ ਵਿੱਚ ਇਹ ਐਲਾਨ ਕਰ ਦਿੱਤਾ ਕਿ ਭਾਰਤ ਤੇ ਫਰਾਂਸ ਵਿਚਾਲੇ 36 ਰਾਫੇਲ ਜਹਾਜ਼ ਖਰੀਦਣ ਦਾ ਐਗਰੀਮੈਂਟ ਹੋ ਗਿਆ ਹੈ ਅਤੇ ਇੱਕ ਜਹਾਜ਼ ਦੀ ਕੀਮਤ ਲਗਭਗ 670 ਕਰੋੜ ਰੁਪਏ ਤੈਅ ਹੋਈ ਹੈ। ਇਥੋਂ ਹੀ ਸਿਆਸਤ ਗਰਮਾ ਗਈ। ਫਰਵਰੀ 2017 ਵਿੱਚ ਜਦੋਂ ਭਾਰਤ ਨੇ ਫਰਾਂਸ ਤੋਂ 36 ਜਹਾਜ਼ਾਂ ਦੀ ਡਲਿਵਰੀ ਲੈਣੀ ਸੀ ਤਾਂ ਨਵੀਂ ਚੀਜ਼ ਸਾਹਮਣੇ ਆ ਗਈ। ਜੋ ਐਗਰੀਮੈਂਟ ਭਾਰਤ ਸਰਕਾਰ ਤੇ ਡਿਸਾਲਟ ਐਵੀਏਸ਼ਨ ਵਿਚਾਲੇ ਹੋਣਾ ਸੀ, ਉਸ ਦੀ ਥਾਂ ਉਹ ਭਾਰਤ ਸਰਕਾਰ ਅਤੇ ਡਿਸਾਲਟ-ਰਿਲਾਇੰਸ ਏਅਰੋਸਪੇਸ ਲਿਮਟਿਡ ਵਿਚਾਲੇ ਹੋ ਗਿਆ, ਜਿਸ ਵਿੱਚ ਅਨਿਲ ਅੰਬਾਨੀ ਦੀ 51 ਫੀਸਦੀ ਹਿੱਸੇਦਾਰੀ ਸੀ। ਸਾਰੇ ਲੋਕ ਹੈਰਾਨ ਸਨ ਕਿ ਭਾਰਤ ਸਰਕਾਰ ਅਤੇ ਡਿਸਾਲਟ ਕੰਪਨੀ ਵਿਚਾਲੇ ਰਿਲਾਇੰਸ ਕੰਪਨੀ ਕਿੱਥੋਂ ਆ ਗਈ?

ਅਸਲ ਵਿੱਚ ਹੋਇਆ ਸੀ, ਜੋ ਕੰਮ ਪਿਛਲੇ ਕਾਫੀ ਸਮੇਂ ਤੋਂ ਡਿਫੈਂਸ ਦੇ ਖੇਤਰ ਵਿੱਚ ਸਰਕਾਰ ਦੀ ਆਪਣੀ ਕੰਪਨੀ ਹਿੰਦੋਸਤਾਨ ਏਅਰੋਨਾਟਿਕਸ ਲਿਮਟਿਡ ਕਰ ਰਹੀ ਸੀ, ਉਹ ਕੰਮ ਅਨਿਲ ਅੰਬਾਨੀ ਦੀ ਕੰਪਨੀ ਰਿਲ-ਾਇੰਸ ਏਅਰੋਸਪੇਸ ਨੂੰ ਦੇ ਦਿੱਤਾ ਗਿਆ, ਜਿਸ ਨੂੰ ਇਸ ਖੇਤਰ 'ਚ ਕੰਮ ਕਰਨ ਦਾ ਕੋਈ ਲੰਮਾ-ਚੌੜਾ ਤਜਰਬਾ ਨਹੀਂ ਸੀ। ਇਥੋਂ ਵਿਰੋਧੀ ਧਿਰ ਦੇ ਹੱਥ ਮੁੱਦਾ ਆ ਗਿਆ ਕਿ ਰਿਲਾਇੰਸ ਕੰਪਨੀ ਇਸ ਵਿੱਚ ਕਿੱਥੋਂ ਆ ਗਈ? ਵਿਰੋਧੀ ਧਿਰ ਨੇ ਇਹ ਵੀ ਦੋਸ਼ ਲਾਇਆ ਕਿ ਜਿਸ ਰਾਫੇਲ ਜਹਾਜ਼ ਦੀ ਕੀਮਤ ਪਹਿਲਾਂ 435 ਕਰੋੜ ਰੁਪਏ ਸੀ ਤੇ ਬਾਅਦ ਵਿੱਚ 670 ਕਰੋੜ ਰੁਪਏ ਤੈਅ ਹੋਈ, ਉਹ ਵੀ ਅਸਲ ਵਿੱਚ 1640 ਕਰੋੜ ਰੁਪਏ ਪ੍ਰਤੀ ਜਹਾਜ਼ ਦੇ ਹਿਸਾਬ ਨਾਲ ਦਿੱਤੀ ਜਾ ਰਹੀ ਹੈ ਤੇ ਇਸ ਵਿੱਚੋਂ ਮੋਟਾ ਮੁਨਾਫਾ ਰਿਲਾਇੰਸ ਕੰਪਨੀ ਦੇ ਖਾਤੇ ਵਿੱਚ ਜਾ ਰਿਹਾ ਹੈ।

ਦੂਜੇ ਪਾਸੇ ਪਾਰਲੀਮੈਂਟ ਵਿੱਚ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੇ ਬਿਆਨ ਦਿੱਤਾ ਕਿ ਭਾਰਤ ਸਰਕਾਰ ਨੂੰ ਨਹੀਂ ਪਤਾ ਕਿ ਅਨਿਲ ਅੰਬਾਨੀ ਦੀ ਰਿਲਾਇੰਸ ਕੰਪਨੀ ਕਿੱਥੋਂ ਆ ਗਈ? ਉਨ੍ਹਾਂ ਕਿਹਾ ਕਿ ਇਹ ਡਿਸਾਲਟ ਤੇ ਰਿਲਾਇੰਸ ਦਾ ਆਪਸੀ ਵਪਾਰਕ ਮਾਮਲਾ ਹੈ, ਭਾਰਤ ਸਰਕਾਰ ਇਸ ਵਿੱਚ ਕੁਝ ਨਹੀਂ ਕਰ ਸਕਦੀ। ਉਨ੍ਹਾਂ ਨੇ ਸਰਕਾਰ ਵੱਲੋਂ ਖਰੀਦੇ ਰਾਫੇਲ ਜਹਾਜ਼ਾਂ ਦੀ ਕੀਮਤ ਬਾਰੇ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ ਅਤੇ ਇਹ ਦਲੀਲ ਦਿੱਤੀ ਕਿ ਕੌਮੀ ਸੁਰੱਖਿਆ ਦੇ ਮੱਦੇਨਜ਼ਰ ਅਸੀਂ ਰਾਫੇਲ ਜਹਾਜ਼ਾਂ ਦੀ ਕੀਮਤ ਨਹੀਂ ਦੱਸ ਸਕਦੇ, ਪਰ ਲੋਕਾਂ ਤੇ ਵਿਰੋਧੀ ਧਿਰ ਨੂੰ ਇਹ ਸਭ ਬੇਯਕੀਨੀ ਜਿਹਾ ਲੱਗ ਰਿਹਾ ਸੀ। ਸਰਕਾਰ ਲਈ ਮੁਸੀਬਤ ਉਦੋਂ ਖੜ੍ਹੀ ਹੋ ਗਈ, ਜਦੋਂ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਫਰਾਂਕੁਵਾ ਓਲਾਂ ਨੇ ਬਿਆਨ ਦੇ ਦਿੱਤਾ ਕਿ ਜਦੋਂ ਭਾਰਤ ਨਾਲ ਰਾਫੇਲ ਡੀਲ ਹੋਈ ਸੀ, ਉਦੋਂ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਹੀ ਰਿਲਾਇੰਸ ਕੰਪਨੀ ਨੂੰ ਭਾਈਵਾਲ ਬਣਾਉਣ ਨੂੰ ਕਿਹਾ ਸੀ। ਉਨ੍ਹਾਂ ਸਾਫ ਸ਼ਬਦਾਂ ਵਿੱਚ ਕਿਹਾ ਕਿ ਫਰਾਂਸ ਸਰਕਾਰ ਕੋਲ ਹੋਰ ਕੋਈ ਬਦਲ ਨਹੀਂ ਸੀ, ਕਿਉਂਕਿ ਭਾਰਤ ਸਰਕਾਰ ਨੇ ਸਿਰਫ ਰਿਲਾਇੰਸ ਕੰਪਨੀ ਦੇ ਨਾਂਅ ਦੀ ਤਜਵੀਜ਼ ਭੇਜੀ ਸੀ।

ਇਹ ਬਿਆਨ ਆਉਣ ਪਿੱਛੋਂ ਵਿਰੋਧੀ ਧਿਰ ਨੇ ਸਰਕਾਰ ਨੂੰ ਘੇਰ ਲਿਆ ਅਤੇ ਰਾਫੇਲ ਸੌਦਾ ਰੱਦ ਕਰਨ ਦਾ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ। ਡਿਸਾਲਟ ਕੰਪਨੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਰਿਲਾਇੰਸ ਡਿਫੈਂਸ ਕੰਪਨੀ ਨੂੰ ਸੌਦੇ ਵਿੱਚ ਸ਼ਾਮਲ ਕਰਨ ਦਾ ਉਸ 'ਤੇ ਕੋਈ ਦਬਾਅ ਨਹੀਂ ਸੀ, ਸਗੋਂ ਰਿਲਾਇੰਸ ਕੰਪਨੀ ਉਸ ਦੀ ਆਪਣੀ ਪਸੰਦ ਸੀ।

ਸਵਾਲ ਇਹ ਹੈ ਕਿ ਕੀ ਰਾਫੇਲ ਜਹਾਜ਼ ਦੀ ਕੀਮਤ ਸੱਚਮੁੱਚ 435 ਕਰੋੜ ਰੁਪਏ ਤੋਂ ਵਧ ਕੇ 1640 ਕਰੋੜ ਰੁਪਏ ਹੋ ਗਈ ਹੈ? ਕੀ ਭਾਰਤ ਦੀ ਵੱਕਾਰ ਵਾਲੀ ਸਰਕਾਰੀ ਕੰਪਨੀ 'ਹਿੰ-ਦੋਸਤਾਨ ਏਅਰੋਨਾਟਿਕਸ ਲਿਮਟਿਡ' ਦੀ ਥਾਂ ਥੋੜ੍ਹੇ ਦਿਨ ਪਹਿਲਾਂ ਬਣੀ ਅਨਿਲ ਅੰਬਾਨੀ ਦੀ ਕੰਪਨੀ ਨੂੰ ਭਾਈਵਾਲ ਬਣਾਉਣਾ ਜਾਇਜ਼ ਹੈ? ਕੀ ਸਰਕਾਰ ਵੱਲੋਂ ਰਾਫੇਲ ਦੀ ਕੀਮਤ ਦੱਸਣ ਨਾਲ ਕੌਮੀ ਸੁਰੱਖਿਆ ਉੱਤੇ ਕੋਈ ਅਸਰ ਪੈਂਦਾ ਹੈ? ਕੀ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਫਰਾਂਕੁਵਾ ਓਲਾਂ ਝੂਠ ਬੋਲ ਰਹੇ ਹਨ? ਕੀ ਡਿਸਾਲਟ ਕੰਪਨੀ 'ਤੇ ਰਿਲਾਇੰਸ ਨੂੰ ਭਾਈਵਾਲ ਬਣਾਉਣ ਦਾ ਕੋਈ ਦਬਾਅ ਸੀ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਉੱਤੇ ਚੁੱਪ ਕਿਉਂ ਵੱਟੀ ਹੋਈ ਹੈ?

ਸਾਰੀ ਕਹਾਣੀ ਲੋਕਾਂ ਦੇ ਸਾਹਮਣੇ ਹੈ ਅਤੇ ਉਹ ਖੁਦ ਅੰਦਾਜ਼ਾ ਲਾ ਸਕਦੇ ਹਨ ਕਿ ਇਸ ਵਿੱਚ ਸੱਚ ਕੌਣ ਬੋਲ ਰਿਹਾ ਹੈ ਤੇ ਝੂਠ ਕੌਣ? ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਰਾਫੇਲ ਡੀਲ ਦੀ ਗੂੰਜ ਚੋਣ ਪ੍ਰਚਾਰ ਦਾ ਮੁੱਦਾ ਬਣੇਗੀ ਅਤੇ ਇਹ ਮੋਦੀ ਸਰਕਾਰ ਲਈ ਖਤਰੇ ਦੀ ਘੰਟੀ ਵੀ ਬਣ ਸਕਦੀ ਹੈ।




# ਵਿਅੰਗ ਏ ਭਾਈ ਜ਼ਰਾ ਦੇਖ ਕੇ ਚਲੋ

-ਕੇ ਐਲ ਗਰਗ

ਹਿੰਦੋਸਤਾਨੀ ਖੱਬੇ ਪਾਸੇ ਚੱਲਦੇ ਹਨ। ਮੋਟਰ ਚਲਾਉਣ ਵੇਲੇ ਬੈਠਦੇ ਸੱਜੇ ਪਾਸੇ ਹਨ, ਪਰ ਚੱਲਦੇ ਖੱਬੇ ਹਨ। ਖੱਬੇ ਪ੍ਰੇਮ ਕਾਰਨ ਹੀ ਸਾਡੇ ਸਵਰਗਵਾਸੀ ਪ੍ਰਧਾਨ ਮੰਤਰੀ ਨੇ 'ਹਿੰਦੀ-ਰੂਸੀ ਭਾਈ ਭਾਈ' ਅਤੇ 'ਹਿੰਦੀ-ਚੀਨੀ ਭਾਈ ਭਾਈ' ਦੇ ਨਾਅਰੇ ਦੇਸ਼ ਨੂੰ ਦਿੱਤੇ ਸਨ। ਪ੍ਰਧਾਨ ਮੰਤਰੀ ਦੇ ਕਥਨ ਤੋਂ ਪ੍ਰਭਾਵਤ ਹੋ ਕੇ ਰਾਜ ਕਪੂਰ ਨੇ ਕਿਸੇ ਫਿਲਮ ਵਿੱਚ ਇਹ ਗੀਤ ਗਾਇਆ ਸੀ, "ਮੇਰਾ ਜੂਤਾ ਹੈ ਜਾਪਾਨੀ, ਯੇਹ ਪਤਲੂਨ ਇੰਗਲਿਸ਼ਤਾਨੀ, ਸਰ ਪੇ ਲਾਲ ਟੋਪੀ ਰੂਸੀ, ਫਿਰ ਭੀ ਦਿਲ ਹੈ ਹਿੰਦਸੋਤਾਨੀ।" ਲਾਲ ਟੋਪੀ ਰੂਸੀ ਦੇਸ਼ ਨੂੰ ਖੱਬੇ ਪਾਸੇ ਲਿਜਾਂਦੀ ਸੀ। ਵਿਚਾਰੇ ਪ੍ਰਧਾਨ ਮੰਤਰੀ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੇ ਜਿਊਂਦੇ ਜੀਅ ਉਨ੍ਹਾਂ ਨੂੰ 'ਹਿੰਦੀ-ਚੀਨੀ ਭਾਈ ਭਾਈ' ਦੀ ਥਾਂ 'ਹਿੰਦੀ-ਚੀਨੀ ਬਾਏ ਬਾਏ' ਕਹਿਣਾ ਪਵੇਗਾ। ਫਿਰ ਉਨ੍ਹਾਂ ਨੇ ਭਰੇ ਦਿਲ ਨਾਲ ਕਿਹਾ ਸੀ, "ਮੇਰੇ ਪਿਆਰੇ ਦੇਸ਼ ਵਾਸੀਓ, ਮੁਆਫ ਕਰਨਾ, ਸੌਰੀ, ਮਿਸਟੇਕ ਹੋ ਗਯਾ।" ਇਸੇ ਮਿਸਟੇਕ ਨੂੰ ਦੇਖਦਿਆਂ ਰਾਜ ਕਪੂਰ ਨੇ ਫਿਲਮ 'ਜੋਕਰ' ਰਾਹੀਂ ਦੇਸ਼ ਵਾਸੀਆਂ ਨੂੰ ਖਬਰਦਾਰ ਕੀਤਾ ਸੀ, "ਏ ਭਾਈ, ਜ਼ਰਾ ਦੇਖ ਕੇ ਚਲੋ। ਦਾਏਂ ਭੀ, ਬਾਏਂ ਭੀ, ਆਗੇ ਭੀ, ਪੀਛੇ ਭੀ, ਊਪਰ ਭੀ, ਨੀਚੇ ਭੀ, ਏ ਭਾਈ ਜ਼ਰਾ ਦੇਖ ਕੇ ਚਲੋ।" ਰਾਜ ਕਪੂਰ ਦਾ ਇਸ਼ਾਰਾ ਇਸ ਗੱਲ ਵੱਲ ਸੀ ਕਿ ਜੇ ਖੱਬੇ ਵੀ ਚੱਲਣਾ ਤਾਂ ਜ਼ਰਾ ਦੇਖ ਕੇ ਚੱਲਣਾ ਹੈ, ਸਾਵਧਾਨੀ ਨਾਲ ਚੱਲਣਾ ਚਾਹੀਦਾ ਹੈ।

ਸਾਡਾ ਭਾਈ ਫੱਤੂ ਵੀ ਸਾਨੂੰ ਵਾਰ-ਵਾਰ ਸੰਕੇਤ ਦਿੰਦਿਆਂ ਆਖਦਾ ਹੈ, "ਮਿੱਤਰ, ਟਰੈਫਿਕ ਬੜਾ ਬੇਹੂਦਾ ਹੋ ਗਿਆ ਹੈ। ਇਕ ਸੈਕਿੰਡ ਲਈ ਜੇ ਤੁਸੀਂ ਬੇਧਿਆਨੇ ਹੋ ਗਏ ਤਾਂ ਕੁਝ ਵੀ ਹੋ ਸਕਦਾ ਹੈ। ਉਪਰਲੀ ਥੱਲੇ ਹੋ ਸਕਦੀ ਹੈ। ਜੀਵਨ ਦੀ ਗੱਡੀ ਸਿੱਧੀ ਚੱਲਦੀ-ਚੱਲਦੀ ਟੇਢੀ ਹੋ ਸਕਦੀ ਹੈ। ਆਲੇ ਦੁਆਲੇ ਦੇਖ ਕੇ ਚੱਲਣਾ ਚਾਹੀਦਾ ਹੈ। ਸੜਕੀ ਅੱਤਵਾਦ ਕਦੇ ਵੀ ਤੁਹਾਡੀ ਜਾਨ ਲੈ ਸਕਦਾ ਹੈ। ਇਸ ਲਈ ਮਿੱਤਰ ਜ਼ਰਾ ਦੇਖ ਕੇ ਚਲੋ, ਖੱਬੇ ਵੀ, ਸੱਜੇ ਵੀ।"

ਅਸੀਂ ਹਮੇਸ਼ਾ ਖੱਬੇ ਪਾਸੇ ਚੱਲਦੇ ਹਾਂ, ਪਰ ਕਦੀ ਕਦੀ ਸੱਜੇ ਮੁੜ ਜਾਂਦੇ ਹਾਂ। ਹਾਲਾਂਕਿ ਚੰਗੀ ਤਰ੍ਹਾਂ ਪਤਾ ਹੈ ਕਿ ਸੱਜਾ ਕਦੀ ਸਾਡੇ ਮਾਫਕ ਨਹੀਂ ਆਇਆ। ਸਾਡੇ ਮਿੱਤਰ ਫੱਤੂ ਨੇ ਸਾਨੂੰ ਇਸ ਬਾਰੇ ਕਈ ਇਤਿਹਾਸਕ ਗੱਲਾਂ ਦੱਸੀਆਂ। ਕਹਿਣ ਲੱਗਾ, "ਸਾਡੇ ਪ੍ਰਧਾਨ ਮੰਤਰੀ ਸਾਹਿਬ ਨੇ ਪਾਰਲੀਮੈਂਟ 'ਚ ਉਨ੍ਹਾਂ ਦੇ ਖੱਬੇ ਮਿੱਤਰਾਂ ਨੂੰ ਨਾਰਾਜ਼ ਕਰ ਕੇ ਵੀ ਅਮਰੀਕਾ ਦੀ ਐਟਮੀ ਨੀਤੀ ਦਾ ਖੁੱਲ੍ਹੇ ਦਿਲ ਨਾਲ ਸਮਰਥਨ ਕੀਤਾ ਸੀ। ਇਸੇ ਸਮਰਥਨ ਕਾਰਨ ਉਨ੍ਹਾਂ ਦੇ ਭੀੜੇ ਹੋਏ ਦਿਲ ਕਦੇ ਫਿਰ ਖੁੱਲ੍ਹ ਨਹੀਂ ਸਕੇ। ਖੱਬਿਆਂ ਨੂੰ ਗੁਆ ਕੇ ਵੀ ਪ੍ਰਧਾਨ ਮੰਤਰੀ ਨੇ ਸੱਜਿਆਂ ਦਾ ਸਾਥ ਦਿੱਤਾ ਸੀ। ਪ੍ਰਧਾਨ ਮੰਤਰੀ ਦੇ ਅਸਫਲ ਰਹਿਣ ਵਾਲੇ ਕਾਰਨਾਂ ਵਿੱਚੋਂ ਇੱਕ ਕਾਰਨ ਇਹ ਸਮਰਥਨ ਵੀ ਸੀ।"

ਸਾਡਾ ਮਿੱਤਰ ਫੱਤੂ ਦੱਸਦਾ ਹੈ : "ਅਸੀਂ ਤੁਰਦੇ ਖੱਬੇ ਹੱਥ ਹਾਂ, ਪਰ ਲਿਖਦੇ ਸੱਜੇ ਹੱਥ ਨਾਲ ਹਾਂ। ਹਾਂ, ਕੋਈ ਕੋਈ ਕਾਲ-ਅੰਗਿਆਰੀ ਖੱਬੇ ਹੱਥ ਨਾਲ ਲਿਖਣ ਵਾਲੀ ਨਿਕਲ ਆਵੇ ਤਾਂ ਅਜਿਹੇ ਬੰਦੇ ਨੂੰ ਅਸੀਂ ਖਬਚੂ ਆਖਦੇ ਹਾਂ। ਅਮਿਤਾਭ ਬੱਚਨ ਨੇ ਖੱਬੇ ਹੱਥ ਨਾਲ ਹੀ ਸਾਰੀ ਫਿਲਮ ਇੰਡਸਟਰੀ ਦੀ ਚੱਕਰੀ ਘੁਮਾ ਛੱਡੀ ਐ। ਉਹ ਫਾਈਟ ਸੀਨ ਵਿੱਚ ਘਸੁੰਨ ਵੀ ਖੱਬੇ ਹੱਥ ਨਾਲ ਮਾਰਦਾ ਹੈ। ਸਰੀਰ ਵਿਗਿਆਨੀ ਦੱਸਦੇ ਹਨ ਕਿ ਖੱਬੇ ਹੱਥ ਦੇ ਘਸੁੰਨ ਦੀ ਸੱਟ ਸੱਜੇ ਤੋਂ ਵੱਧ ਵੱਜਦੀ ਹੈ।"

ਫੱਤੂ ਭਾਈ ਬੜੇ ਕੰਮ ਦੀਆਂ ਗੱਲਾਂ ਦੱਸਦਾ ਹੈ। ਉਸ ਮੁਤਾਬਕ "ਅਮਰੀਕਾ ਦੇ ਲੋਕ ਉਂ ਤਾਂ ਸੱਜੇ ਹੱਥ ਚੱਲਦੇ ਹਨ, ਪਰ ਬਹੁਤੇ ਅਮਰੀਕਨ ਖੱਬਚੂ ਹੁੰਦੇ ਹਨ। ਕੌਣ ਕੁਦਰਤ ਦੀਆਂ ਲਿਖੀਆਂ ਮੇਟੇ ਸਾਈਆਂ। ਅਮਰੀਕਨਾਂ ਦੀ ਕੀ ਰੀਸ ਕਰਨੀ ਐ। ਉਨ੍ਹਾਂ ਦੇ ਬਹੁਤੇ ਕੰਮ ਪੁੱਠੇ ਈ ਹੁੰਦੇ ਨੇ। ਉਨ੍ਹਾਂ ਦੀ ਬਿਜਲੀ ਦੇ ਸਵਿੱਚ ਵੀ ਉਤਾਂਹ ਨੂੰ ਜਗਦੇ ਤੇ ਹੇਠਾਂ ਨੂੰ ਬੁੱਝਦੇ ਹਨ। ਰਾਮ ਦੀ ਰਾਮ ਜਾਣੇ ਤੂੰ ਭੁੰਨ ਦਾਣੇ।" ਉਂਝ ਅਸੀਂ ਖੱਬੇ ਹੱਥ ਤੁਰਦੇ ਹਾਂ, ਪਰ ਕਦੀ ਕਦੀ ਸੱਜੇ ਹੱਥ ਮੁੜ ਜਾਂਦੇ ਹਾਂ। ਫੱਤੂ ਭਾਈ ਇਸ ਕਥਨ ਦੀ ਤਸ਼ਬੀਹ ਏਦਾਂ ਕਰਦੇ ਹਨ: "ਮਿੱਤਰਾ ਦੇਖ ਲੈ, ਸਾਡਾ ਪ੍ਰਧਾਨ ਮੰਤਰੀ ਜਿਵੇਂ ਘੜੀ ਮੁੜੀ ਟਰੰਪ ਵੱਲ ਭੱਜਦਾ। ਪਿਆਰ ਕੇ ਧਾਗੇ ਸੇ ਕੈਸੇ ਖਿਚੀ ਆਤੀ ਹੈ ਸਰਕਾਰ ਮੇਰੀ। ਆਪਣੇ ਅਜ਼ਮਾਏ ਸਾਥੀ ਰੂਸ ਨੂੰ ਭੁੱਲ ਕੇ ਟਰੰਪ ਨਾਲ ਯਾਰੀਆਂ ਪਾਉਣ ਲਈ ਕਮਲੇ ਹੋਏ ਫਿਰਦੇ ਐ। ਗੁਆਂਢੀਆਂ ਦਾ ਹਾਲ ਦੇਖ ਲੈ ਕੀ ਕਰਤਾ। ਨਾ ਜਿਊਂਦਿਆਂ 'ਚ ਨਾ ਮੋਇਆਂ 'ਚ। ਉਹ ਕਹਿੰਦੇ ਹੁੰਦੇ ਨੇ ਨਾ, ਬੇਇਤਬਾਰੇ ਦੀ ਯਾਰੀ, ਨਿਰੀ ਖੇਹ ਤੇ ਖੁਆਰੀ।"

ਅੱਜ ਕੱਲ੍ਹ ਤਾਂ ਜਨਤਾ ਵੀ ਖੱਬੇ ਦੀ ਥਾਂ ਸੱਜੇ ਹੱਥ ਤੁਰਨ ਨੂੰ ਫਿਰਦੀ ਹੈ। ਸਾਡੇ ਖੱਬਿਆਂ ਤੋਂ ਪੱਛਮੀ ਬੰਗਾਲ ਖੋਹ ਲਿਆ, ਤ੍ਰਿਪੁਰਾ ਉਨ੍ਹਾਂ ਹੱਥੋਂ ਨਿਕਲ ਗਿਆ ਤੇ ਕੇਰਲ ਵਿੱਚ ਵੀ ਉਹ ਸਾਹ ਵਰੋਲੀ ਜਾਂਦੇ ਨੇ। ਕਰ ਲਓ ਘਿਓ ਨੂੰ ਭਾਂਡਾ।"

ਵੋਟਰ ਸਿਆਣੇ ਹੋ ਰਹੇ ਨੇ? ਖੱਬਿਆਂ ਦਾ ਪੱਲਾ ਛੱਡ ਸੱਜਿਆਂ ਦਾ ਦਾਮਨ ਫੜੀ ਜਾ ਰਹੇ ਨੇ। ਸੱਜੇ ਧਾੜਵੀਆਂ ਵਾਂਗ ਸਟੇਟ ਦਰ ਸਟੇਟ ਫਤਹਿ ਕਰੀ ਜਾ ਰਹੇ ਹਨ। ਵੋਟਰ ਫਿਲਮੀ ਅੰਦਾਜ਼ ਵਿੱਚ ਗਾ ਰਹੇ ਨੇ, "ਖਬਚੂ ਜਾ ਜਾ ਜਾਹ। ਮੇਰੇ ਪਿਆਰ ਕੀ ਚਿੱਠੀ ਸੱਜੇ ਨੂੰ ਪਕੜਾ, ਪਕੜਾ, ਪਕੜਾ।" ਜਿਵੇਂ ਫਿਲਮੀ ਹੀਰੋਇਨ ਕਦੀ ਗਾਇਆ ਕਰਦੀ ਸੀ, "ਕਬੂਤਰ ਜਾ ਜਾ ਜਾਹ। ਮੇਰੇ ਪਿਆਰ ਕੀ ਪਹਿਲੀ ਚਿੱਠੀ, ਸਾਜਨ ਕੋ ਪਕੜਾ।"

ਸੱਜੇ ਨਾਇਕ ਹੋ ਗਏ? ਖੱਬੇ ਖਲਨਾਇਕ? ਮਰਜ਼ ਵਧਦੀ ਗਈ ਜਿਉਂ ਜਿਉਂ ਦਵਾ ਕੀਤੀ। ਮੁਲਕ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਤੁਮਹਾਰੀ ਦਾਸਤਾਂ ਤੱਕ ਭੀ ਨਾ ਹੋਗੀ ਦਾਸਤਾਨੋਂ ਮੇਂ। ਟਰੈਫਿਕ ਜਾਨਲੇਵਾ ਹੋ ਰਿਹਾ ਹੈ। ਅੱਗੇ ਸੜਕ ਬੰਦ ਹੈ। ਰਾਜ ਕਪੂਰ ਦੇ ਗਾਣੇ ਵੱਲ ਗੌਰ ਕਰਨਾ ਪੈਣਾ ਹੈ, "ਏ ਬਾਈ, ਜ਼ਰਾ ਦੇਖ ਕੇ ਚਲੋ, ਦਾਏਂ ਭੀ ਬਾਏਂ ਭੀ...।" ਅਗਲਾ ਕਦਮ ਧਿਆਨ ਨਾਲ ਪੁੱਟਣਾ। ਖਬਰਦਾਰ! ਖੱਬੇ ਜਾਣੈ ਕਿ ਸੱਜੇ? ਏ ਭਾਈ ਜ਼ਰਾ ਦੇਖ ਕੇ ਚੱਲਣਾ, ਦਾਏਂ ਭੀ, ਬਾਏਂ ਭੀ...

# ਔਰਤਾਂ ਦੀ ਸੁਰੱਖਿਆ ਅਤੇ ਸਿੱਖਿਆ ਦਾ ਸੁਪਨਾ

-ਲਕਸ਼ਮੀ ਕਾਂਤਾ ਚਾਵਲਾ

ਅੱਜ ਦੇਸ਼ ਵਿੱਚ ਧੀਆਂ ਦੀ ਸੁਰੱਖਿਆ ਦੇ ਵਿਸ਼ੇ ਉਤੇ ਚਿੰਤਾ ਅਤੇ ਚਿੰਤਨ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਸੁਨੇਹਾ ਦੇਣ ਲਈ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਦਿੱਤਾ, ਪਰ ਧੀਆਂ ਦੀ ਚਿੰਤਾ ਭਾਰਤ ਦੇ ਮਹਾਨ ਸਪੂਤ ਸਵਾਮੀ ਵਿਵੇਕਾਨੰਦ ਨੇ ਵੀ ਕੀਤੀ ਸੀ। ਉਹ ਚਾਰ ਵਰ੍ਹੇ ਵਿਦੇਸ਼ਾਂ ਵਿੱਚ ਭਾਰਤੀ ਧਰਮ ਤੇ ਸੱਭਿਆਚਾਰ ਦਾ ਝੰਡਾ ਬੁਲੰਦ ਕਰਕੇ 1898 ਵਿੱਚ ਭਾਰਤ ਪਰਤੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਦੇਸ਼ ਦੀ ਮਜ਼ਬੂਤੀ ਤੇ ਸੁਤੰਤਰਤਾ ਲਈ ਕਾਰਜ ਕੀਤਾ। ਜਨਤਾ ਵਿੱਚ ਆਪਣੇ ਵਿਚਾਰਾਂ ਰਾਹੀਂ ਨਵੀਂ ਕਰਾਂਤੀ ਪੈਦਾ ਕੀਤੀ। ਇਸੇ ਸਾਲ ਉਘੇ ਰਸਾਲੇ ਦੇ ਸੰਪਾਦਕ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਨਾਲ ਕਈ ਵਿਸ਼ਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਸਵਾਮੀ ਵਿਵੇਕਾਨੰਦ ਨੂੰ ਸਵਾਲ ਕੀਤਾ ਕਿ ਭਾਰਤ ਵਿੱਚ ਔਰਤਾਂ ਨਾਲ ਪੱਖਪਾਤ ਕਿਉਂ ਕੀਤਾ ਜਾਂਦਾ ਹੈ? ਉਨ੍ਹਾਂ ਕਿਹਾ ਕਿ ਕਿਤੇ ਅਸੀਂ ਇਹ ਤਾਂ ਨਹੀਂ ਮੰਨ ਰਹੇ ਕਿ ਪੱਛਮੀ ਔਰਤਾਂ ਦੀ ਤੁਲਨਾ ਵਿੱਚ ਆਪਣੇ ਮੁਲਕ ਦੀਆਂ ਔਰਤਾਂ ਦੀ ਹਾਲਤ ਵੱਖਰੀ ਦੇਖ ਕੇ, ਅਸੀਂ ਭਾਰਤ ਵਿੱਚ ਔਰਤਾਂ ਪ੍ਰਤੀ ਨਾਬਰਾਬਰੀ ਦੇ ਵਿਦੇਸ਼ੀਆਂ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਚੁੱਪ ਚੁਪੀਤੇ ਕਬੂਲ ਤਾਂ ਨਹੀਂ ਰਹੇ।

ਜਦੋਂ ਉਨ੍ਹਾਂ ਤੋਂ ਔਰਤਾਂ ਦੀ ਮੌਜੂਦਾ ਹਾਲਤ ਤੋਂ ਸੰਤੁਸ਼ਟ ਹੋਣ ਬਾਰੇ ਪੁੱਛਿਆ ਗਿਆ ਤਾਂ ਸਵਾਮੀ ਵਿਵੇਕਾਨੰਦ ਵੱਲੋਂ ਦਿੱਤਾ ਜਵਾਬ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹੈ। ਉਨ੍ਹਾਂ ਕਿਹਾ ਸੀ ਕਿ ਔਰਤਾਂ ਦੇ ਸਬੰਧ ਵਿੱਚ ਸਾਡਾ ਦਖਲ ਅੰਦਾਜ਼ੀ ਦਾ ਅਧਿਕਾਰ ਮਹਿਜ਼ ਉਨ੍ਹਾਂ ਨੂੰ ਸਿੱਖਿਆ ਦੇਣ ਤੱਕ ਸੀਮਿਤ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਯੋਗ ਬਣਾਉਣਾ ਹੋਵੇਗਾ ਜਿਸ ਨਾਲ ਉਹ ਆਪਣੀਆਂ ਸਮੱਸਿਆਵਾਂ ਦਾ ਆਪ ਹੱਲ ਲੱਭ ਸਕਣ। ਕੋਈ ਹੋਰ ਉਨ੍ਹਾਂ ਲਈ ਕੰਮ ਨਹੀਂ ਕਰ ਸਕਦਾ ਅਤੇ ਅਜਿਹਾ ਕਰਨਾ ਵੀ ਠੀਕ ਨਹੀਂ। ਭਾਰਤੀ ਔਰਤਾਂ ਆਪਣੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਦੁਨੀਆ ਦੇ ਕਿਸੇ ਵੀ ਹਿੱਸੇ ਦੀਆਂ ਔਰਤਾਂ ਤੋਂ ਪਿਛਾਂਹ ਨਹੀਂ ਹਨ।

ਇਸੇ ਵਿਸ਼ੇ ਉੱ ਨਿਊਯਾਰਕ ਵਿੱਚ ਭਾਸ਼ਣ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਔਰਤਾਂ ਦੀ ਜੇ ਉਸੇ ਤਰ੍ਹਾਂ ਤਰੱਕੀ ਹੋਵੇ ਜਿਵੇਂ ਇਸ ਦੇਸ਼ ਵਿੱਚ ਹੋਈ ਹੈ ਤਾਂ ਉਨ੍ਹਾਂ ਨੂੰ ਖੁਸ਼ੀ ਹੋਵੇਗੀ, ਪਰ ਇਹ ਤਰੱਕੀ ਉਦੋਂ ਹੀ ਉਨ੍ਹਾਂ ਦੀ ਇੱਛਾ ਦੀ ਪੂਰਤੀ ਕਰ ਸਕਦੀ ਹੈ ਜਦੋਂ ਉਹ ਉਨ੍ਹਾਂ ਦੇ ਜੀਵਨ ਵਿੱਚ ਇਸਤਰੀ ਦੇ ਆਪਣੇ ਵਜੂਦ ਨੂੰ ਸੱਟ ਨਾ ਮਾਰੇ।

ਇਹ ਸੁਪਨਾ ਅੱਜ ਤੋਂ ਸਵਾ ਸੌ ਵਰ੍ਹੇ ਪਹਿਲਾਂ ਸਵਾਮੀ ਵਿਵੇਕਾਨੰਦ ਨੇ ਦੇਖਿਆ ਸੀ। ਆਜ਼ਾਦ ਦੇਸ਼ ਵਿੱਚ ਨਿਸ਼ਚਿਤ ਹੀ ਇਸ ਨੂੰ ਪੂਰਾ ਕਰਨ ਤੇ ਔਰਤਾਂ ਨੂੰ ਸਿੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਜਾਪਦਾ ਹੈ ਕਿ ਜਿਨ੍ਹਾਂ ਔਰਤਾਂ ਨੂੰ ਇਹ ਮੌਕਾ ਮਿਲਿਆ, ਉਹ ਆਪਣੇ ਦ੍ਰਿੜ੍ਹ ਨਿਸ਼ਚੇ ਨਾਲ ਸਾਜ਼ਗਾਰ ਹਾਲਾਤ ਦਾ ਲਾਹਾ ਲੈਂਦਿਆਂ ਗਿਆਨ ਵਿਗਿਆਨ ਦੇ ਖੇਤਰ ਵਿੱਚ ਪੁਲਾਂਘਾਂ ਪੁੱਟਦੀਆਂ ਗਈਆਂ। ਆਜ਼ਾਦ ਭਾਰਤ ਦੇ ਹਾਸਲ ਸ਼ੁਰੂਆਤੀ ਅੰਕੜਿਆਂ ਮੁਤਾਬਕ ਮੁਲਕ ਦੀ ਕੁੱਲ ਆਬਾਦੀ ਦਾ 16 ਤੋਂ 20 ਫੀਸਦੀ ਹਿੱਸਾ ਹੀ ਸਿੱਖਿਅਤ ਸੀ। ਅੱਜ ਦੇਸ਼ ਵਿੱਚ ਸਿੱਖਿਅਤ ਲੋਕਾਂ ਦੀ ਗਿਣਤੀ 75 ਫੀਸਦੀ ਹੋ ਗਈ ਹੈ। ਇਹ ਵੱਡਾ ਹਾਸਲ ਹੈ। ਮੁਲਕ ਦੇ 25 ਫੀਸਦੀ ਲੋਕਾਂ ਦਾ ਹਾਲੇ ਵੀ ਅਨਪੜ੍ਹ ਰਹਿਣਾ ਚਿੰਤਾ ਦਾ ਵਿਸ਼ਾ ਹੈ, ਪਰ ਇਸ ਦਾ ਵੱਡਾ ਕਾਰਨ ਤੇਜ਼ੀ ਨਾਲ ਵਧ ਰਹੀ ਆਬਾਦੀ, ਗਰੀਬੀ ਅਤੇ ਬੇਰੁਜ਼ਗਾਰੀ ਹੈ।


ਇਹ ਦੁੱਖ ਦੀ ਗੱਲ ਹੈ ਕਿ ਕੁੱਲ ਸਿੱਖਿਅਤ ਔਰਤਾਂ ਦੀ ਗਿਣਤੀ ਹਾਲੇ ਵੀ ਔਰਤ ਦੀ ਆਬਾਦੀ ਦਾ 65 ਫੀਸਦੀ ਹੈ। ਇਸ ਅਨੁਸਾਰ ਹਾਲੇ ਵੀ 35 ਫੀਸਦੀ ਔਰਤਾਂ ਸਿੱਖਿਆ ਤੋਂ ਵਾਂਝੀਆਂ ਹਨ। ਮਾਂ ਨੂੰ ਸਾਡੇ ਧਰਮ ਵਿੱਚ ਪਹਿਲਾ ਗੁਰੂ, ਪਹਿਲਾ ਵਿਦਵਾਨ ਕਿਹਾ ਜਾਂਦਾ ਹੈ। ਜੇ 35 ਫੀਸਦੀ ਧੀਆਂ, ਭੈਣਾ, ਮਾਵਾਂ ਸਿੱਖਿਆ ਤੋਂ ਵਾਂਝੀਆਂ ਹਨ ਤਾਂ ਪਰਵਾਰਾਂ ਨੂੰ ਸਹੀ ਸੱਭਿਆਚਾਰ ਬਾਰੇ ਸਿੱਖਿਅਤ ਕਰਨਾ ਦੂਰ ਦੀ ਗੱਲ ਹੋਵੇਗਾ। ਇਹ ਸਹੀ ਹੈ ਕਿ ਪੇਟ ਪਾਲਣ ਲਈ ਪਰਵਾਰ ਦੇ ਸਾਰੇ ਜੀਅ ਕੰਮ ਕਰ ਰਹੇ ਹਨ, ਪਰ ਇਸ ਨਾਲ ਸਿਰਫ ਸਰੀਰਕ ਪੋਸ਼ਣ ਮਿਲ ਰਿਹਾ ਹੈ। ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਭਾਰਤ ਵਿੱਚ ਉਸ ਨੂੰ ਸਿੱਖਿਅਤ ਮੰਨ ਲਿਆ ਜਾਂਦਾ ਹੈ, ਜਿਹੜਾ ਮਾੜਾ ਮੋਟਾ ਪੜ੍ਹਨਾ ਅਤੇ ਦਸਤਖਤ ਕਰਨਾ ਸਿੱਖ ਲੈਂਦਾ ਹੈ। ਦੂਜੇ ਪਾਸੇ ਦੇਸ਼ ਵਿੱਚ ਹੀ ਸਿੱਖਿਅਤ ਸਮਾਜ ਦੀ ਬਿਹਤਰੀਨ ਮਿਸਾਲ ਵੀ ਹੈ। 1989 ਵਿੱਚ ਕੇਰਲ ਦੇ ਕੋਟਾਯਮ ਸ਼ਹਿਰ ਨੂੰ ਪੂਰੀ ਤਰ੍ਹਾਂ ਸਿੱਖਿਅਤ ਐਲਾਨਿਆ ਗਿਆ ਸੀ। ਇਤਿਹਾਸ ਵਿੱਚ 1989 ਦਾ ਵਰ੍ਹਾ ਇਸ ਲਈ ਵੀ ਮਹੱਤਵ ਪੂਰਨ ਹੈ ਕਿ ਇਸ ਵਰ੍ਹੇ ਸਾਖਰਤਾ ਮੁਹਿੰਮ ਤੇਜ਼ੀ ਨਾਲ ਚਲਾਈ ਜਾ ਰਹੀ ਸੀ। ਇਹ ਉਸ ਮੁਹਿੰਮ ਦਾ ਸ਼ੁਰੂਆਤੀ ਦੌਰ ਸੀ। ਕੇਰਲ ਦੀ ਸਾਖਰਤਾ ਦਰ ਸੌ ਫੀਸਦੀ ਹੈ ਤੇ ਇਥੋਂ ਦੇ ਲੋਕ ਸਭ ਤੋਂ ਵੱਧ ਸਿੱਖਿਅਤ ਵੀ ਹਨ, ਪਰ ਕਿਸੇ ਇਕ ਸ਼ਹਿਰ ਨੂੰ ਸੌ ਫੀਸਦੀ ਸਾਖਰ ਐਲਾਨਿਆ ਜਾਣਾ ਇਕ ਅਨੋਖੀ ਮਿਸਾਲ ਕਿਹਾ ਜਾ ਸਕਦਾ ਹੈ।

ਜ਼ਿਕਰ ਯੋਗ ਹੈ ਕਿ ਕੋਟਾਯਾਮ ਦੇ ਲੋਕਾਂ ਵਿੱਚ ਅਜਿਹਾ ਕਿਹੜਾ ਉਤਸ਼ਾਹ ਸੀ ਕਿ ਉਨ੍ਹਾਂ ਨੇ ਇਹ ਸਥਾਨ ਹਾਸਲ ਕੀਤਾ। ਅਸਲ ਵਿੱਚ ਉਨ੍ਹਾਂ ਦੀ ਇਸ ਕੋਸ਼ਿਸ਼ ਵਿੱਚ ਸਮਾਜਿਕ ਸੰਗਠਨਾਂ ਅਤੇ ਸਰਕਾਰ ਨੇ ਮਿਲ ਕੇ ਯੋਗਦਾਨ ਦਿੱਤਾ ਅਤੇ ਅਨਪੜ੍ਹ ਨੂੰ ਸਾਖਰ ਕਰਨ ਦੀ ਮੁਹਿੰਮ ਚਲਾਈ ਜਿਸ ਕਾਰਨ ਕੋਟਾਯਾਮ ਇਹ ਟੀਚਾ ਹਾਸਲ ਕਰ ਗਿਆ। ਇਕ ਜਾਣਕਾਰੀ ਮੁਤਾਬਕ ਇਸ ਲਈ ਜਿਹੜੇ 14 ਹਜ਼ਾਰ ਵਾਲੰਟੀਅਰ ਤਿਆਰ ਹੋਏ, ਉਨ੍ਹਾਂ ਵਿੱਚੋਂ 12 ਹਜ਼ਾਰ ਔਰਤਾਂ ਸਨ।

ਸਵਾਮੀ ਵਿਵੇਕਾਨੰਦ ਨੇ ਵੀ ਇਹ ਸੁਨੇਹਾ ਦੇਸ਼ ਦੇ ਸਿੱਖਿਅਤ ਵਰਗ ਖਾਸਕਰ ਸਾਧਾਂ ਸੰਤਾਂ ਨੂੰ ਦਿੱਤਾ ਸੀ ਕਿ ਉਹ ਦੇਸ਼ ਨੂੰ ਸਾਖਰ ਕਰਨ। ਉਨ੍ਹਾਂ ਕਿਹਾ ਸੀ ਕਿ ਰੋਗੀ ਡਾਕਟਰ ਕੋਲ ਪੁੱਜਣ ਤੋਂ ਅਸਮਰੱਥ ਹੈ ਤਾਂ ਡਾਕਟਰ ਨੂੰ ਉਸ ਕੋਲ ਪੁੱਜ ਜਾਣਾ ਚਾਹੀਦਾ ਹੈ। ਸਵਾਮੀ ਵਿਵੇਕਾਨੰਦ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਆਪਣੇ ਦੇਸ਼ ਦੇ ਸਾਧਾਂ ਨੂੰ ਸਿਰਫ ਧਰਮ ਦੀ ਸਿੱਖਿਆ ਰਾਹੀਂ ਮੋਕਸ਼ ਹਾਸਲ ਕਰਨ ਦਾ ਸੁਨੇਹਾ ਨਹੀਂ ਦਿੰਦੇ, ਸਗੋਂ ਉਨ੍ਹਾਂ ਦਾ ਕਹਿਣਾ ਸੀ ਕਿ ਸ਼ਾਮ ਸਮੇਂ ਕਿਸੇ ਚੌਪਾਲ ਜਾਂ ਦਰੱਖਤ ਹੇਠਾਂ ਬੈਠੇ ਦੇਸ਼ ਦੇ ਨਾਗਰਿਕਾਂ ਕੋਲ ਜਾਓ ਤੇ ਉਨ੍ਹਾਂ ਨੂੰ ਦੇਸ਼ ਦੀ ਦਸ਼ਾ, ਭੂਗੋਲ ਤੇ ਇਤਿਹਾਸ ਦਾ ਗਿਆਨ ਚਿੱਤਰਾਂ ਰਾਹੀਂ ਦਿਓ। ਅੱਜ ਜਦੋਂ ਮੁਲਕ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਦੇ ਰਿਹਾ ਹੈ ਤਾਂ 35 ਫੀਸਦੀ ਅਨਪੜ੍ਹ ਰਹਿ ਗਈਆਂ ਔਰਤਾਂ ਦੀ ਸਿੱਖਿਆ ਅਤੇ ਉਨ੍ਹਾਂ ਲਈ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਜਾਵੇ।

# ਇੱਕ ਵਾਰ ਹੱਥ ਸੜ ਚੁੱਕੇ ਤਾਂ ਮੁੜ-ਮੁੜ ਸੜਵਾਉਣਾ ਅਕਲਮੰਦੀ ਨਹੀਂ ਹੁੰਦੀ

## ਪੰਜਾਬ, ਕੇਂਦਰ ਤੇ ਚੰਡੀਗੜ੍ਹ



ਜਤਿੰਦਰ ਪੰਨੂ

ਭਾਰਤ ਦਾ 'ਸਿਟੀ ਬਿਊਟੀਫੁਲ' ਕਿਹਾ ਜਾਂਦਾ ਚੰਡੀਗੜ੍ਹ ਵਾਲਾ ਸ਼ਹਿਰ ਭਾਵੇਂ ਅੱਜ ਦੇ ਯੁੱਗ ਵਿੱਚ ਵਿਕਸਤ ਦੇਸ਼ਾਂ ਦੇ ਮੁਕਾਬਲੇ ਕਿਸੇ ਵੀ ਤਰ੍ਹਾਂ 'ਬਿਊਟੀਫੁਲ' ਗਿਣੇ ਜਾਣ ਦੇ ਕਾਬਲ ਨਹੀਂ, ਇਸ ਦੇ ਬਾਵਜੂਦ ਇਹ ਭਾਰਤ ਦੇ ਲੋਕਾਂ ਲਈ ਹਾਲੇ ਤੱਕ ਬਿਊਟੀਫੁਲ ਹੀ ਹੈ। ਕਾਰਨ ਇਹ ਹੈ ਕਿ ਦੇਸ਼ ਵਿੱਚ ਹੋਰ ਕੋਈ ਇਹੋ ਜਿਹਾ ਵੀ ਨਹੀਂ ਹੈ। ਉਂਜ ਚੰਡੀਗੜ੍ਹ ਦਾ ਇਹ ਸ਼ਹਿਰ ਓਨਾ ਬਿਊਟੀਫੁਲ ਹੋਣ ਕਾਰਨ ਚਰਚਿਆਂ ਵਿੱਚ ਨਹੀਂ ਰਹਿੰਦਾ, ਜਿੰਨਾ ਸਿਆਸੀ ਖਿੱਚੋਤਾਣ ਦਾ ਮੁੱਦਾ ਬਣਾਏ ਜਾਣ ਕਾਰਨ ਰਹਿੰਦਾ ਹੈ। ਕਿਸੇ ਵਕਤ ਜਦੋਂ ਪੰਜਾਬ ਵਿੱਚ ਬਾਰਾਂ ਸਾਲ ਗੋਲੀ ਦੀ ਗੂੰਜ ਸੁਣਦੀ ਪਈ ਸੀ, ਓਦੋਂ ਵੀ ਠੰਢ-ਠੰਢੋਲਾ ਕਰਨ ਵਾਸਤੇ ਸ਼ੁਰੂ ਕੀਤੀ ਜਾਣ ਵਾਲੀ ਹਰ ਗੱਲਬਾਤ ਦੇ ਏਜੰਡੇ ਉੱਤੇ ਮੁੱਖ ਮੁੱਦਿਆਂ ਵਿੱਚ ਚੰਡੀਗੜ੍ਹ ਸ਼ਹਿਰ ਦੇ ਦਰਜੇ ਦਾ ਮੁੱਦਾ ਸ਼ਾਮਲ ਹੁੰਦਾ ਸੀ। ਪੰਜਾਬ ਵਿੱਚ ਅਮਨ ਕਾਇਮ ਹੋਣ ਦੇ ਬਾਅਦ ਏਜੰਡੇ ਤੋਂ ਲਾਂਭੇ ਹੋਇਆ ਇਹ ਸ਼ਹਿਰ ਕੇਂਦਰ ਸਰਕਾਰ ਦੇ ਇੱਕ ਤਾਜ਼ਾ ਨੋਟੀਫਿਕੇਸ਼ਨ ਨਾਲ ਫਿਰ ਵਿਵਾਦ ਦਾ ਵੱਡਾ ਮੁੱਦਾ ਬਣਨ ਲੱਗ ਪਿਆ ਹੈ।

ਬੀਤੀ ਪੰਝੀ ਸਤੰਬਰ ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਇਸ ਗੱਲ ਲਈ ਰਾਹ ਖੋਲ੍ਹਦਾ ਹੈ ਕਿ ਚੰਡੀਗੜ੍ਹ ਦੇ ਉੱਪਰ ਤੋਂ ਲੈ ਕੇ ਹੇਠਾਂ ਤੱਕ ਦੇ ਸਾਰੇ ਮੁਲਾਜ਼ਮਾਂ ਉੱਤੇ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਦਾ ਕੁੰਡਾ ਹੋਵੇ ਤੇ ਉਸ ਦੀ ਮਰਜ਼ੀ ਮੁਤਾਬਕ ਨਾ ਚੱਲਣ ਵਾਲੇ ਹਰ ਮੁਲਾਜ਼ਮ ਨੂੰ ਕਾਲੇ ਪਾਣੀ ਸੁੱਟਿਆ ਜਾ ਸਕੇ। ਭਾਰਤ ਵਿੱਚ ਇਸ ਵਕਤ ਉਨੱਤੀ ਰਾਜਾਂ ਦੇ ਨਾਲ ਸੱਤ ਕੇਂਦਰੀ ਸ਼ਾਸਨ ਵਾਲੇ ਪ੍ਰਦੇਸ਼, ਯੂਨੀਅਨ ਟੈਰੀਟਰੀਜ਼ (ਯੂ ਟੀ) ਹਨ, ਚੰਡੀਗੜ੍ਹ ਵੀ ਇਨ੍ਹਾਂ ਵਿੱਚ ਹੈ, ਪਰ ਸਾਰਿਆਂ ਦਾ ਦਰਜਾ ਬਰਾਬਰ ਨਹੀਂ। ਦਿੱਲੀ ਤੇ ਪੁੱਡੂਚੇਰੀ ਦੇ ਲੋਕਾਂ ਕੋਲ ਵਿਧਾਨ ਸਭਾ ਚੁਣਨ ਦਾ ਹੱਕ ਹੈ ਤੇ ਉਨ੍ਹਾਂ ਉੱਤੇ ਕੇਂਦਰ ਦੇ ਪ੍ਰਤੀਨਿਧ ਵਜੋਂ ਲੈਫਟੀਨੈਂਟ ਗਵਰਨਰ ਹੁੰਦਾ ਹੈ, ਪਰ ਬਾਕੀ ਸਾਰੀਆਂ ਯੂ ਟੀਜ਼ ਵਿੱਚ ਏਦਾਂ ਦਾ ਪ੍ਰਬੰਧ ਨਹੀਂ, ਹਰ ਥਾਂ ਵੱਖੋ-ਵੱਖਰੇ ਹਾਲਾਤ ਤੇ ਪ੍ਰਬੰਧ ਚੱਲਦੇ ਹਨ। ਸਿਆਸੀ ਹਾਲਾਤ ਦੇ ਕਾਰਨ ਇਨ੍ਹਾਂ ਸਭਨਾਂ ਦਾ ਪ੍ਰਬੰਧ ਸੰਭਾਲਣ ਵੇਲੇ ਵੀ ਵੱਖੋ-ਵੱਖ ਸੋਚ ਅਤੇ ਪਹੁੰਚ ਅਪਣਾਉਣੀ ਪੈਂਦੀ ਹੈ। ਇਹੋ ਮਾਮਲਾ ਚੰਡੀਗੜ੍ਹ ਦਾ ਹੈ।

ਪਾਕਿਸਤਾਨ ਵਿੱਚ ਆਪਣੀ ਰਾਜਧਾਨੀ ਲਾਹੌਰ ਛੱਡ ਆਏ ਭਾਰਤੀ ਪੰਜਾਬ ਕੋਲ ਰਾਜਧਾਨੀ ਨਹੀਂ ਸੀ। ਓਦੋਂ ਇਸ ਨੇ ਪਹਿਲਾ ਅੱਡਾ ਸ਼ਿਮਲੇ ਵਿੱਚ ਜਮਾਇਆ ਸੀ। ਫਿਰ ਚੰਡੀ ਮੰਦਰ ਨੇੜੇ ਇੱਕ ਝੀਲ ਵੇਖ ਕੇ ਏਥੇ ਨਵੇਂ ਕਿਸਮ ਦਾ ਸ਼ਹਿਰ ਵਸਾਉਣ ਦੀ ਸਹਿਮਤੀ ਬਣੀ, ਜਿਸ ਦਾ ਸਿਹਰਾ ਅੱਜ ਤੱਕ ਲੇ ਕਾਰਬੂਜ਼ੀਏ ਨੂੰ ਦਿੱਤਾ ਜਾਂਦਾ ਹੈ। ਅਸਲ ਵਿੱਚ ਮੁੱਢਲੇ ਤੌਰ ਉੱਤੇ ਇਹ ਕੰਮ ਪੋਲੈਂਡ ਦੇ ਮੈਥਿਊ ਨੋਵਿਕੀ ਅਤੇ ਅਮਰੀਕਾ ਦੇ ਅਲਬਰਟ ਮੇਅਰ ਨਾਂਅ ਦੇ ਮਾਹਰਾਂ ਨੂੰ ਦਿੱਤਾ ਗਿਆ ਸੀ, ਪਰ ਇੱਕ ਹਵਾਈ ਹਾਦਸੇ ਵਿੱਚ ਮੋਵਿਕੀ ਦੀ ਮੌਤ ਪਿੱਛੋਂ ਅਲਬਰਟ ਮੇਅਰ ਨੇ ਵੀ ਇਹ ਕੰਮ ਛੱਡ ਦਿੱਤਾ। ਇਸ ਪਿੱਛੋਂ ਲੇ ਕਾਰਬੂਜ਼ੀਏ ਨੂੰ ਇਹ ਕੰਮ ਦਿੱਤਾ ਗਿਆ ਸੀ, ਜਿਸ ਨੇ ਸਿਰੇ ਚਾੜ੍ਹਿਆ ਤੇ ਸਾਂਝੇ ਪੰਜਾਬ ਦੀ ਰਾਜਧਾਨੀ ਸ਼ਿਮਲੇ ਵਾਲੇ ਕੱਚੇ ਪੜਾਅ ਤੋਂ ਪੁੱਟ ਕੇ ਏਥੇ ਲਿਆਂਦੀ ਗਈ ਸੀ। ਹਾਲੇ ਇਹ ਕੰਮ ਪੂਰਾ ਨਹੀਂ ਸੀ ਹੋਇਆ ਕਿ ਹਰਿਆਣਾ ਰਾਜ ਵੱਖਰਾ ਹੋ ਗਿਆ ਤੇ ਇਸ ਦੇ ਨਾਲ ਹੀ ਇਸ ਸ਼ਹਿਰ ਦੀ ਖਿੱਚੋਤਾਣ ਸ਼ੁਰੂ ਹੋ ਗਈ। ਇਹ ਖਿੱਚੋਤਾਣ ਅੱਜ ਤੱਕ ਨਹੀਂ ਮੁੱਕ ਸਕੀ।



ਬੋਲੀ ਦੇ ਆਧਾਰ ਉੱਤੇ ਵੱਖਰਾ ਪੰਜਾਬ ਸਾਡੇ ਲੋਕਾਂ ਨੇ ਮੰਗਿਆ ਸੀ, ਹਰਿਆਣਾ ਰਾਜ ਦੀ ਕਦੀ ਮੰਗ ਹੀ ਨਹੀਂ ਸੀ ਚੱਲੀ, ਅੰਗਰੇਜ਼ਾਂ ਵੇਲੇ ਇੱਕ ਵਾਰ ਚੱਲ ਕੇ ਖਤਮ ਹੋ ਚੁੱਕੀ ਸੀ। ਜਦੋਂ ਪੰਜਾਬੀ ਬੋਲੀ ਉੱਤੇ ਆਧਾਰਤ ਸੂਬਾ ਬਣਾਉਣਾ ਮੰਨ ਲਿਆ ਤਾਂ ਹਰਿਆਣਾ ਨਾਲ ਕਈ ਮੁੱਦਿਆਂ ਦੀ ਵੰਡ ਸੱਠ-ਚਾਲੀ ਵਾਲੇ ਅਨੁਪਾਤ ਨਾਲ ਕਰ ਦਿੱਤੀ ਗਈ। ਇਸ ਨੂੰ ਜਨਤਕ ਮੁਹਾਵਰੇ ਵਿੱਚ 'ਪੰਜ ਦਵੰਜੀ' ਕਿਹਾ ਜਾਂਦਾ ਹੈ ਤੇ ਇਸ ਦਾ ਭਾਵ ਹੁੰਦਾ ਹੈ ਕਿ ਪੰਜ ਹਿੱਸਿਆਂ ਵਿੱਚੋਂ ਕਿਸੇ ਇੱਕ ਧਿਰ ਨੂੰ ਦੋ ਹਿੱਸੇ ਕੱਢ ਕੇ ਲਾਂਭੇ ਕਰ ਦਿੱਤਾ ਗਿਆ। ਚੰਡੀਗੜ੍ਹ ਦਾ ਸ਼ਹਿਰ ਵਿਵਾਦਤ ਬਣ ਗਿਆ। ਪੰਜਾਬ ਦੀ ਸਾਂਝੀ ਸਰਕਾਰ ਦਾ ਸੈਕਟਰੀਏਟ ਵੀ ਸੱਠ ਫੀਸਦੀ ਪੰਜਾਬ ਤੇ ਚਾਲੀ ਫੀਸਦੀ ਹਰਿਆਣੇ ਨੂੰ ਮਿਲ ਗਿਆ ਅਤੇ ਕਈ ਹੋਰ ਏਦਾਂ ਦੇ ਭਵਨ ਵੀ ਵੰਡੇ ਗਏ, ਪਰ ਇਸ ਸ਼ਹਿਰ ਦੀ ਮਾਲਕੀ ਦਾ ਫੈਸਲਾ ਅੱਗੇ ਪਾ ਦਿੱਤਾ ਗਿਆ। ਜਦੋਂ ਤੱਕ ਇਸ ਬਾਰੇ ਫੈਸਲਾ ਨਹੀਂ ਹੁੰਦਾ, ਓਨੀ ਦੇਰ ਏਥੇ ਕੰਮ ਚਲਾਉਣ ਲਈ ਸ਼ਹਿਰ ਦੇ ਪ੍ਰਸ਼ਾਸਕੀ ਮੁਖੀ ਵਾਸਤੇ ਚੀਫ ਕਮਿਸ਼ਨਰ ਦੀ ਪਦਵੀ ਕਾਇਮ ਕਰ ਦਿੱਤੀ ਤੇ ਇਹ ਓਦੋਂ ਤੱਕ ਏਦਾਂ ਰਹੀ, ਜਦੋਂ ਤੱਕ ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਇਹ ਨਾ ਲਿਖਿਆ ਗਿਆ ਕਿ ਚੰਡੀਗੜ੍ਹ ਦਾ ਸ਼ਹਿਰ ਪੰਜਾਬ ਨੂੰ ਦਿੱਤਾ ਜਾਣਾ ਹੈ। ਇਸ ਲਿਖਤੀ ਸਮਝੌਤੇ ਪਿੱਛੋਂ ਫੌਰੀ ਤੌਰ ਉੱਤੇ ਪਹਿਲਾ ਕੰਮ ਇਹ ਹੋਇਆ ਕਿ ਚੀਫ ਕਮਿਸ਼ਨਰ ਦੀ ਪਦਵੀ ਖਤਮ ਕਰ ਕੇ ਪੰਜਾਬ ਦੇ ਗਵਰਨਰ ਨੂੰ ਇਸ ਦਾ ਪ੍ਰਸ਼ਾਸਕ ਲਾ ਦਿੱਤਾ ਗਿਆ ਤੇ ਇਸ ਵਿੱਚ ਵੱਡੀ ਗੱਲ ਨੋਟ ਕਰਨ ਵਾਲੀ ਇਹ ਹੈ ਕਿ ਸਿਰਫ ਪੰਜਾਬ ਦੇ ਗਵਰਨਰ ਨੂੰ ਇਹ ਜ਼ਿੰਮੇਵਾਰੀ ਦਿੱਤੀ ਸੀ, ਦੋ ਰਾਜਾਂ ਦੇ ਗਵਰਨਰਾਂ ਦੀ ਵਾਰੀ ਨਹੀਂ ਸੀ ਬੰਨ੍ਹੀ ਗਈ। ਇਸ ਤਰ੍ਹਾਂ ਚੰਡੀਗੜ੍ਹ ਉੱਤੇ ਪੰਜਾਬ ਦਾ ਹੱਕ ਓਦੋਂ ਮੰਨ ਲਿਆ ਗਿਆ ਸੀ।

ਪਿਛਲੇ ਪੰਜਾਹ ਤੋਂ ਵੱਧ ਸਾਲਾਂ ਵਿੱਚ ਇਹ ਗੱਲ ਅਸੂਲੀ ਤੌਰ ਉੱਤੇ ਮੰਨੀ ਗਈ ਤੇ ਅਮਲ ਵਿੱਚ ਲਾਗੂ ਹੁੰਦੀ ਰਹੀ ਸੀ ਕਿ ਇਸ ਸ਼ਹਿਰ ਦੇ ਪ੍ਰਸ਼ਾਸਨ ਤੇ ਪ੍ਰਬੰਧ ਵਿੱਚ ਅਫਸਰ ਤੇ ਕਰਮਚਾਰੀ ਸੱਠ-ਚਾਲੀ ਦੇ ਹਿਸਾਬ ਪੰਜਾਬ ਤੇ ਹਰਿਆਣੇ ਦੋਵਾਂ ਰਾਜਾਂ ਤੋਂ ਆਇਆ ਕਰਦੇ ਸਨ। ਇਸ ਵਿੱਚ ਬੀਤੇ ਕੁਝ ਸਾਲਾਂ ਤੋਂ ਅੜਿੱਕਾ ਪੈਣ ਲੱਗਾ ਸੀ। ਕੇਂਦਰ ਵਿੱਚ ਭਾਜਪਾ ਦੀ ਸਰਕਾਰ ਆਈ ਤਾਂ ਉਸ ਦੀ ਪੁਰਾਣੀ ਨੀਤੀ ਅਧੀਨ ਇਸ ਦਾ ਪੰਜਾਬ ਨਾਲੋਂ ਨਾੜੂਆ ਕੱਟਣ ਲਈ ਇੱਕ ਜਾਂ ਦੂਸਰਾ ਢੰਗ ਵਰਤਣਾ ਸ਼ੁਰੂ ਹੋ ਗਿਆ ਸੀ। ਬੀਤੀ ਪੰਝੀ ਸਤੰਬਰ ਦਾ ਨੋਟੀਫਿਕੇਸ਼ਨ ਇਸ ਪਾਸੇ ਵੱਲ ਇੱਕ ਹੋਰ ਕਦਮ ਹੀ ਨਹੀਂ, ਇੱਕ ਬੜਾ ਚੁਸਤ ਕਦਮ ਹੈ। ਚੰਡੀਗੜ੍ਹ ਦੇ ਸਥਾਨਕ ਭਰਤੀ ਵਾਲੇ ਮੁਲਾਜ਼ਮਾਂ ਨੂੰ ਵੀ ਬਾਕੀ ਸੱਤ ਯੂ ਟੀਜ਼ (ਕੇਂਦਰੀ ਸ਼ਾਸਨ ਵਾਲੇ ਪ੍ਰਦੇਸ਼ਾਂ) ਦਾ ਹਿੱਸਾ ਬਣਾ ਕੇ ਅਸਲ ਵਿੱਚ ਕੇਂਦਰ ਸਰਕਾਰ ਹਵਾਲਾ ਤਾਂ ਇਹ ਦੇਂਦੀ ਹੈ ਕਿ ਜਿੱਥੇ ਕੋਈ ਅਫਸਰ ਸਥਾਨਕ ਰਾਜ ਕਰਤਿਆਂ ਦੇ ਦਬਾਅ ਹੇਠ ਤੰਗੀ ਮਹਿਸੂਸ ਕਰਦਾ ਹੋਵੇ, ਉਸ ਨੂੰ ਇਨ੍ਹਾਂ ਸੱਤਾਂ ਵਿੱਚੋਂ ਕਿਸੇ ਵੀ ਹੋਰ ਥਾਂ ਭੇਜਿਆ ਜਾ ਸਕਦਾ ਹੈ। ਅਸਲ ਵਿੱਚ ਗੱਲ ਏਨੀ ਸਿੱਧੀ ਨਹੀਂ। ਦਿੱਲੀ ਵਿੱਚ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ, ਜਿਹੜਾ ਵੀ ਕੰਮ ਉਹ ਕਰਨ ਲੱਗਦੀ ਸੀ ਤੇ ਕੇਂਦਰ ਸਰਕਾਰ ਹੋਣ ਨਹੀਂ ਸੀ ਦੇਣਾ ਚਾਹੁੰਦੀ, ਉਸ ਪ੍ਰੋਜੈਕਟ ਵਾਲੇ ਅਫਸਰਾਂ ਨੂੰ ਓਥੋਂ ਪੁੱਟ ਕੇ ਕਦੀ ਕੇਂਦਰੀ ਡੈਪੂਟੇਸ਼ਨ ਉੱਤੇ ਅਤੇ ਕਦੀ ਕਿਸੇ ਹੋਰ ਯੂ ਟੀ ਵਿੱਚ ਭੇਜਣ ਦਾ ਹੁਕਮ ਕੇਂਦਰ ਸਰਕਾਰ ਕਰ ਦੇਂਦੀ ਸੀ। ਇਹ ਕੰਮ ਚੰਡੀਗੜ੍ਹ ਵਿੱਚ ਅਜੇ ਤੱਕ ਆਮ ਕਰ ਕੇ ਨਹੀਂ ਸੀ ਹੁੰਦਾ। ਕਿਰਨ ਬੇਦੀ ਅੱਜ ਕੇਂਦਰ ਵਿੱਚ ਸਰਕਾਰ ਚਲਾ ਰਹੀ ਪਾਰਟੀ ਨਾਲ ਕਾਰਿੰਦੇ ਵਾਂਗ ਮਿਲ ਕੇ ਚੱਲਦੀ ਪਈ ਹੈ, ਪਰ ਜਦੋਂ ਕੇਂਦਰ ਵਿੱਚ ਰਾਜ ਕਰਦੇ ਕਾਂਗਰਸ ਵਾਲਿਆਂ ਨਾਲ ਉਸ ਦੀ ਸੁਰ ਨਹੀਂ ਸੀ ਮਿਲਦੀ, ਉਨ੍ਹਾਂ ਨੇ ਉਸ ਨੂੰ ਦਿੱਲੀ ਤੋਂ ਪੁੱਟ ਕੇ ਦੂਸਰੇ ਯੂ ਟੀਜ਼ ਵਿੱਚ ਏਸੇ ਲਈ ਭੇਜਿਆ ਸੀ ਕਿ ਇਹ ਪ੍ਰਬੰਧ ਓਸ ਵੇਲੇ ਦਿੱਲੀ ਵਿੱਚ ਚੱਲ ਸਕਦਾ ਸੀ। ਅਗਲੀ ਵਾਰੀ ਏਦਾਂ ਦਾ ਕਦਮ ਚੰਡੀਗੜ੍ਹ ਦੇ ਅਫਸਰਾਂ ਵਾਸਤੇ ਵੀ ਪੁੱਟਿਆ ਜਾ ਸਕਦਾ ਹੈ ਕਿ ਜਿਹੜਾ ਕੋਈ ਅਫਸਰ ਪੰਜਾਬੀ ਮੂਲ ਦਾ ਹੋਣ ਕਾਰਨ ਪੰਜਾਬ ਦੀ ਗੱਲ ਕਰੇ, ਦੂਸਰੇ ਦਿਨ ਉਸ ਨੂੰ ਬਿਸਤਰਾ ਚੁਕਾ ਕੇ ਅੰਡੇਮਾਨ ਨਿਕੋਬਾਰ ਵੱਲ ਤੋਰ ਦਿੱਤਾ ਜਾਵੇ, ਜਿਸ ਕਾਰਨ ਉਹ ਏਥੇ ਸਰਕਾਰ ਦੇ ਕਰਮਚਾਰੀ ਦੇ ਬਜਾਏ ਕੇਂਦਰ ਵਿੱਚ ਰਾਜ ਕਰਦੀ ਕਿਸੇ ਵੀ ਪਾਰਟੀ ਦੇ ਕਾਰਿੰਦੇ ਬਣ ਕੇ ਰਹਿ ਜਾਣ।

ਇੱਕ ਵਾਰੀ ਪਹਿਲਾਂ ਵੀ ਇਹ ਖੇਡ ਸ਼ੁਰੂ ਹੋਈ ਸੀ। ਫਿਰ ਸੰਭਾਲੀ ਨਹੀਂ ਸੀ ਗਈ। ਬਾਅਦ ਵਿੱਚ ਜਦੋਂ ਕਈ ਵੱਡੇ ਝਟਕੇ ਸਾਡਾ ਦੇਸ਼ ਸਹਿ ਚੁੱਕਾ ਤਾਂ ਰਾਜੀਵ ਗਾਂਧੀ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਮਝੌਤੇ ਦਾ ਸਬੱਬ ਬਣਿਆ ਸੀ। ਸਮਝੌਤਾ ਹੋ ਗਿਆ ਸੀ, ਪਰ ਸਿਰੇ ਚੜ੍ਹਨ ਦੀ ਘੜੀ ਨਹੀਂ ਸੀ ਆਈ। ਪੰਜਾਬ ਵਿੱਚੋਂ ਅਕਾਲੀ ਦਲ ਦੇ ਕੁਝ ਲੀਡਰ ਇਸ ਗੱਲੋਂ ਸੜ-ਭੁੱਜ ਗਏ ਸਨ ਕਿ ਸਾਨੂੰ ਨਾਲ ਲਏ ਬਿਨਾਂ ਇਸ ਸਾਧ ਨੇ ਸਮਝੌਤਾ ਕਿਵੇਂ ਕੀਤਾ ਤੇ ਦੂਸਰੇ ਪਾਸਿਓਂ ਹਰਿਆਣੇ ਵਿੱਚੋਂ ਕਾਂਗਰਸ ਦੇ ਪੁਆੜੇ ਪਾਊ ਮੁੱਖ ਮੰਤਰੀ ਭਜਨ ਲਾਲ ਨੇ ਅੜਿੱਕਾ ਪਾ ਦਿੱਤਾ ਸੀ। ਚੰਡੀਗੜ੍ਹ ਵਿੱਚ ਗਣਤੰਤਰ ਦਿਵਸ ਪਰੇਡ ਕਰਨ ਤੇ ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵੱਲੋਂ ਝੰਡਾ ਝੁਲਾਉਣ ਦਾ ਜਦੋਂ ਪ੍ਰੋਗਰਾਮ ਉਲੀਕਿਆ ਜਾ ਚੁੱਕਾ ਸੀ, ਆਖਰੀ ਵਕਤ ਸਾਰਾ ਕੁਝ ਧਰਿਆ-ਧਰਾਇਆ ਰਹਿ ਗਿਆ ਸੀ। ਨਤੀਜੇ ਵਜੋਂ ਪੰਜਾਬ ਦੇ ਲੋਕਾਂ ਵਿੱਚ ਇਹੋ ਜਿਹਾ ਬੇਗਾਨਗੀ ਦਾ ਅਹਿਸਾਸ ਵਧਿਆ ਸੀ ਕਿ ਫਿਰ ਉਨ੍ਹਾਂ ਨੂੰ ਮੁੱਖ-ਧਾਰਾ ਵੱਲ ਮੋੜ ਲਿਆਉਣ ਦੇ ਰਾਹ ਨਹੀਂ ਸਨ ਲੱਭ ਰਹੇ। ਇਸ ਬੇਗਾਨਗੀ ਵਿੱਚ ਇੱਕ ਵੱਡਾ ਹਿੱਸਾ ਓਦੋਂ ਵਾਲੀ ਕੇਂਦਰ ਸਰਕਾਰ ਦਾ ਪਾਇਆ ਹੋਇਆ ਸੀ। ਇਸ ਵੇਲੇ ਫਿਰ ਉਹੋ ਜਿਹੀ ਬੇਗਾਨਗੀ ਦੇ ਮੁੱਢ ਵਾਲੇ ਸੰਕੇਤ ਦੋਬਾਰਾ ਨਜ਼ਰ ਆਉਣ ਲੱਗੇ ਹਨ।

ਅਸੀਂ ਇਸ ਮਾਮਲੇ ਵਿੱਚ ਜ਼ਿਆਦਾ ਨਹੀਂ ਲਿਖਣਾ ਚਾਹੁੰਦੇ, ਪਰ ਇਸ ਗੱਲ ਬਾਰੇ ਸੁਚੇਤ ਕੀਤੇ ਬਿਨਾਂ ਨਹੀਂ ਰਹਿ ਸਕਦੇ ਕਿ ਬੜਾ ਸੰਭਲ ਕੇ ਚੱਲਣ ਦੀ ਲੋੜ ਹੈ, ਵਰਨਾ ਕੋਈ ਸਥਿਤੀਆਂ ਨੂੰ ਵਰਤ ਸਕਦਾ ਹੈ। ਉਰਦੂ ਦਾ ਸ਼ੇਅਰ ਹੈ ਕਿ 'ਵੋ ਵਕਤ ਭੀ ਦੇਖਾ ਤਾਰੀਖ ਕੀ ਘੜੀਓਂ ਨੇ, ਲਮਹੋਂ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।' ਪੰਜਾਬ ਏਦਾਂ ਦੀ ਸਜ਼ਾ ਬਥੇਰੀ ਭੁਗਤ ਚੁੱਕਾ ਹੈ। ਇੱਕ ਵਾਰ ਹੱਥ ਸੜ ਚੁੱਕੇ ਹੋਣ ਤਾਂ ਮੁੜ-ਮੁੜ ਕੇ ਸੜਵਾਉਣਾ ਅਕਲਮੰਦੀ ਨਹੀਂ ਹੁੰਦੀ।

## ਮਿੰਨੀ ਕਹਾਣੀ

### ਪੱਥਰ ਅਤੇ ਫੁੱਲ -ਡਾਕਟਰ ਮਨਜੀਤ ਸਿੰਘ ਬੱਲ

ਔਰਤਾਂ ਦੇ ਹੱਕਾਂ ਦੀ ਰਾਖੀ ਲਈ ਬਣੇ ਸੰਗਠਨ ਦੀ ਜ਼ਿਲ੍ਹਾ ਪ੍ਰਧਾਨ ਕਮਲਾ ਦੇਵੀ ਵੱਡੇ ਇਕੱਠ ਵਿੱਚ ਧੂੰਆਂਧਾਰ ਭਾਸ਼ਣ ਕਰ ਰਹੀ ਸੀ, "ਮੇਰੀਓ ਭੈਣੋ ਅਤੇ ਪੰਜਾਬ ਦੀਓ ਧੀਓ। ਤੁਹਾਨੂੰ ਪਤਾ ਹੈ ਕਿ ਏਕੇ ਵਿੱਚ ਬੜੀ ਬਰਕਤ ਹੁੰਦੀ ਹੈ। ਜਿਹੜਾ ਵੀ ਸੰਗਠਨ ਇਕਮੁਠ ਹੋ ਕੇ ਆਪਣੇ ਹੱਕਾਂ ਲਈ ਜੂਝਦਾ ਹੈ, ਉਸ ਨੂੰ ਕਾਮਯਾਬੀ ਮਿਲ ਹੀ ਜਾਂਦੀ ਹੈ। ਸਰਕਾਰ ਨੂੰ ਆਖਰ ਸਾਡੇ ਰਾਖਵੇਂਕਰਨ ਦੀ ਮੰਗ ਅੱਗੇ ਝੁਕਣਾ ਹੀ ਪੈਣਾ ਹੈ। ਇਹ ਹੱਕ ਅਸੀਂ ਲੈ ਕੇ ਹੀ ਰਹਿਣਾ ਹੈ?"

"ਮਹਿਲਾ ਸੰਗਠਨ ਜ਼ਿੰਦਾਬਾਦ। ਕਮਲਾ ਦੇਵੀ ਜ਼ਿੰਦਾਬਾਦ।" ਦੇ ਨਾਅਰੇ ਗੂੰਜਣ ਲੱਗੇ।

"ਦਾਜ ਦੇ ਲੋਭੀ ਸੁਣ ਲੈਣ। ਜਿਹੜਾ ਵਿਅਕਤੀ ਦਾਜ ਬਦਲੇ ਕਿਸੇ ਧੀ ਨੂੰ ਤੰਗ ਕਰੇਗਾ...ਸਾਡਾ ਸੰਗਠਨ ਉਸ ਦੇ ਬੂਹੇ ਅੱਗੇ ਸਿਆਪਾ ਕਰੇਗਾ।"

'ਮਹਿਲਾ ਸੰਗਠਨ ਜ਼ਿੰਦਾਬਾਦ। ਕਮਲਾ ਦੇਵੀ ਜ਼ਿੰਦਾਬਾਦ।"

"ਮੈਂ ਉਨ੍ਹਾਂ ਡਾਕਟਰਾਂ ਨੂੰ ਚਿਤਾਵਨੀ ਦੇਣਾ ਚਾਹੁੰਦੀ ਹਾਂ, ਜੋ ਅਲਟਰਾਸਾਊਂਡ ਦੀ ਰਿਪੋਰਟ ਵਿੱਚ ਦੱਸਦੇ ਨੇ ਕਿ ਪੇਟ ਅੰਦਰ ਲੜਕੀ ਹੈ ਜਾਂ ਲੜਕਾ। ਅਜਿਹੇ ਡਾਕਟਰਾਂ ਵਿਰੁੱਧੇ ਸਾਡਾ ਸੰਗਠਨ ਯੁੱਧ ਛੇੜੇਗਾ।" ਗੂੰਜਦੇ ਨਾਅਰਿਆਂ ਵਿੱਚ ਕਮਲਾ ਦੇਵੀ ਨੇ ਆਪਣਾ ਭਾਸ਼ਣ ਖਤਮ ਕੀਤਾ। ਜੋਸ਼ੀਲੇ ਭਾਸ਼ਣ ਨਾਲ ਥੱਕੀ ਹੋਈ ਉਹ ਘਰ ਪੁੱਜ ਕੇ ਆਰਾਮ ਨਾਲ ਲੇਟ ਗਈ।

"ਝਾਈ ਜੀ ਚਾਹ ਲਿਆਵਾਂ?" ਆਗਿਆਕਾਰੀ ਪੁੱਤਰ ਅਨਿਲ ਨੇ ਕਮਲਾ ਦੇਵੀ ਦੀਆਂ ਲੱਤਾਂ ਘੁਟਦਿਆਂ ਪੁੱਛਿਆ।

"ਤੇਰੀ ਵਹੁਟੀ ਨੂੰ ਤਾਂ ਏਨੀ ਅਕਲ ਵੀ ਨਹੀਂ ਕਿ ਮੈਂ ਬਾਹਰੋਂ ਆਈ ਹਾਂ, ਕੋਈ ਪਾਣੀ-ਧਾਣੀ ਜਾਂ ਚਾਹ ਈ ਪੁੱਛ ਲਵੇ।" ਕਮਲਾ ਦੇਵੀ ਨੇ ਪੁੱਤਰ ਨੂੰ ਉਸ ਦੀ ਵਹੁਟੀ, ਭੋਲੀ ਵਿਰੁੱਧ ਕਰਨ ਵਾਲੇ ਲਹਿਜ਼ੇ ਵਿੱਚ ਕਿਹਾ।

ਤੀਹ ਸਾਲ ਦੇ ਅਨਿਲ ਦੇ ਵਿਆਹ ਨੂੰ ਪੰਜ ਸਾਲ ਹੋਏ ਸਨ। ਪਿਓ ਨਾਲ ਕੱਪੜੇ ਦੇ ਕਾਰੋਬਾਰ ਵਿੱਚ ਹੀ ਸੀ, ਚੰਗੀ ਆਮਦਨ ਸੀ। ਵਿਆਹ ਤੋਂ ਸਾਲ ਬਾਅਦ ਹੀ ਇੱਕ ਕੰਨਿਆ ਆ ਗਈ ਅਤੇ ਅਗਲੇ ਸਾਲ ਦੂਜੀ ਬੇਟੀ ਨੇ ਜਨਮ ਲੈ ਲਿਆ।

"ਝਾਈ ਜੀ...ਕੱਲ੍ਹ ਮੈਂ ਭੋਲੀ ਨੂੰ ਲੈ ਕੇ ਡਾਕਟਰ ਆਂਟੀ ਕੋਲ ਗਿਆ ਸੀ।" ਲੱਤਾਂ ਦਬਾਉਂਦੇ ਹੋਏ ਅਨਿਲ ਨੇ ਆਪਣੀ ਮਾਂ ਕਮਲਾ ਦੇਵੀ ਨਾਲ ਗੱਲ ਚਲਾਈ।

"ਅੱਛਾ ਕੀ ਕਹਿੰਦੀ ਸੀ ਡਾਕਟਰ ਆਂਟੀ? ਐਤਕੀਂ ਵੀ ਕਿਤੇ ਪੱਥਰ ਤਾਂ ਨਹੀਂ ਸਾਡੇ ਕਰਮਾਂ ਵਿੱਚ?" ਉਤਸੁਕਤਾ ਵਿੱਚ ਕਮਲਾ ਦੇਵੀ ਇੱਕੋ ਵਾਰੀ ਕਿੰਨੇ ਸਾਰੇ ਸਵਾਲ ਪੁੱਛ ਗਈ।

"ਆਂਟੀ ਕਹਿੰਦੀ ਸੀ ਕਿ ਡਾਕਟਰ ਸ਼ਰਮਾ ਸਹੀ ਰਿਪੋਰਟ ਦਿੰਦੇ ਨੇ। ਲਿਖ ਕੇ ਇਹੀ ਦਸਦੇ ਨੇ ਬੱਚਾ ਠੀਕ ਠਾਕ ਹੈ, ਪਰ ਕੰਨ ਵਿੱਚ ਦੱਸਦੇ ਹਨ ਕਿ ਕੁੜੀ ਹੈ ਜਾਂ ਮੁੰਡਾ। ਜੇ ਤੁਸੀਂ ਕਹੋ ਤਾਂ ਅੱਜ ਅਲਟਰਾਸਾਊਂਡ ਕਰਵਾ ਈ ਲਿਆਵਾਂ?"

"ਹਾਂ, ਬੇਟਾ ਇਹ ਟੈਸਟ ਐਤਕੀਂ ਜ਼ਰੂਰ ਕਰਵਾਉਣੈ। ਮੈਂ ਵੀ ਸੁਣਿਐ। ਡਾਕਟਰ ਸ਼ਰਮਾ ਬੜਾ ਸਿਆਣਾ ਹੈ। ਉਸ ਦੀ ਰਿਪੋਰਟ ਠੀਕ ਹੁੰਦੀ ਹੈ। ਰੱਬ ਨੇ ਪਹਿਲਾਂ ਹੀ ਦੋ ਪੱਥਰ ਦਿੱਤੇ ਹੋਏ ਨੇ। ਹੁਣ ਤਾਂ ਫੁੱਲ ਦਾ ਮੂੰਹ ਵਿਖਾਵੇ।"

"ਪਰਮਾਤਮਾ ਇਸ ਵਾਰ ਤਾਂ ਮਿਹਰਬਾਨ ਹੋ ਜਾਊ, ਪਰ ਭੋਲੀ ਨੂੰ ਇਸ ਵਾਰ ਦੱਸ ਦੇਈਂ...ਦਾਜ ਘੱਟ ਲਿਆਉਣ ਵਾਲੀ ਗੱਲ ਤਾਂ ਮੈਂ ਜਰੀ ਹੋਈ ਏ। ਇਸ ਨੇ ਦੋ ਕੁੜੀਆਂ ਜੰਮੀਆਂ, ਮੈਂ ਉਹ ਵੀ ਜਰ ਲਈਆਂ। ਜੇ ਤੀਜੀ ਵੀ ਕੁੜੀ ਹੋਈ ਤਾਂ ਮੇਰੇ ਨਾਲੋਂ ਬੁਰੀ ਕੋਈ ਨਹੀਂ ਹੋਵੇਗਾ।" ਕਮਲਾ ਦੇਵੀ ਰੋਹ ਵਿੱਚ ਆ ਗਈ ਸੀ।

SimConnect FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

ਪਿੰਡ ਟੱਲੇਵਾਲ ਜ਼ਿਲ੍ਹਾ ਬਰਨਾਲਾ ਦੀ ਸੰਗਤ
ਵਲੋਂ ਸੰਤ ਬਾਬਾ ਲਾਲ ਸਿੰਘ ਜੀ (ਬਰੱਕਤ)
ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਟੱਲੇਵਾਲ ਜਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਲਾਲ ਸਿੰਘ ਬਰੱਕਤ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 4 ਅਕਤੂਬਰ ਦਿਨ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਨਾਨਕ ਸਰ ਗੋਰ ਰੋਡ ਤੇ ਕੇਸਲ ਮੋਰ ਦੀ ਇੰਟਰ ਸੈਕਸ਼ਨ ਤੇ 11 ਵਜੇ ਆਰੰਭ ਕੀਤੇ ਜਾ ਰਹਿ ਹਨ ਤੇ ਭੋਗ 6 ਅਕਤੂਬਰ ਦਿਨ ਸ਼ਨਿਚਰਵਾਰ ਨੂੰ 12 ਵਜੇ ਨੂੰ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਨਾਨਕਸਰ ਠਾਠ ਈਸ਼ਰ ਦਰਬਾਰ (ਹਾਲ 4)
9954 Gore Rd, Brampton, ON L6P0A7

ਵਧੇਰੇ ਜਾਣਕਾਰੀ ਲਈ ਕਾਲ ਕਰੋ:
ਨਿਸ਼ਾਨ ਸਿੰਘ ਤੂੰਗ: 647-407-0013
ਜਸਵਿੰਦਰ ਸਿੰਘ: 416-819-5540
ਗਿਆਨ ਸਿੰਘ ਤੂੰਗ: 416-569-2187
ਜਾਂ 905-915-2596 | 905-915-2597

ਮੰਨ ਪਸੰਦ ਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

100% Satisfaction On Time

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)




# ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦਾ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ

ਚੰਡੀਗੜ੍ਹ, 30 ਸਤੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਅੱਜ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਉਹ ਇੱਕ ਮੈਂਬਰ ਵਜੋਂ ਕੰਮ ਕਰਦੇ ਰਹਿਣ-ਗੇ। ਉਨ੍ਹਾਂ ਦਾ ਅਸਤੀਫ਼ਾ ਬਾਦਲ ਪਰਿਵਾਰ ਲਈ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਢੀਂਡਸਾ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਵੀ ਸਨ ਤੇ ਇਸ ਸਮੇਂ ਸਭ ਤੋਂ ਸੀਨੀਅਰ ਤੇ ਪ੍ਰਭਾਵਸ਼ਾਲੀ ਆਗੂਆਂ ਵਿੱਚ ਮੰਨੇ ਜਾਂਦੇ ਹਨ।



ਦੱਸਿਆ ਜਾ ਰਿਹਾ ਹੈ ਕਿ ਅਸਤੀਫ਼ਾ ਦੇਣ ਤੋਂ ਕੁਝ ਦਿਨ ਪਹਿਲਾਂ ਸੁਖਦੇਵ ਸਿੰਘ ਢੀਂਡਸਾ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਪਿੰਡ ਬਾਦਲ ਵਿੱਚ ਜਾ ਕੇ ਉਚੇਚੀ ਮੀਟਿੰਗ ਕੀਤੀ ਸੀ। ਉਨ੍ਹਾਂ ਵੱਲੋਂ ਅੱਜ ਏਦਾਂ ਅਸਤੀਫ਼ਾ ਦੇਣ ਦਾ ਕਾਰਨ ਭਾਵੇਂ ਸਿਹਤ ਠੀਕ ਨਾ ਹੋਣਾ ਦੱਸਿਆ ਗਿਆ ਹੈ, ਪਰ ਪਾਰਟੀ ਹਲਕਿਆਂ ਮੁਤਾਬਕ ਦੋਵੇਂ ਬਾਦਲਾਂ ਨਾਲ ਢੀਂਡਸਾ ਦੇ ਸਬੰਧਾਂ ਵਿੱਚ ਪਿਛਲੇ ਸਮੇਂ ਤੋਂ ਕੁੜੱਤਣ ਚੱਲ ਰਹੀ ਸੀ। ਬਰਗਾੜੀ ਤੇ ਕੋਟਕਪੂਰਾ ਕਾਂਡ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਾਲ ਚੁਫੇਰਿਓਂ ਘਿਰੇ ਹੋਏ ਅਕਾਲੀ ਦਲ ਲਈ ਪਹਿਲਾਂ ਇਹ ਰਿਪੋਰਟ ਅਤੇ ਅੱਜ ਸੁਖਦੇਵ ਸਿੰਘ ਢੀਂਡਸਾ ਦਾ ਅਸਤੀਫਾ ਵੱਡਾ ਰਾਜਸੀ ਸੰਕਟ ਮੰਨਿਆ ਜਾ ਰਿਹਾ ਹੈ।

# ਝੂਠੇ ਪੁਲਸ ਮੁਕਾਬਲੇ ਲਈ ਦੋ ਸਾਬਕਾ ਪੁਲੀਸ ਅਫ਼ਸਰਾਂ ਨੂੰ ਉਮਰ ਕੈਦ ਦਾ ਹੁਕਮ

ਐਸ ਏ ਐਸ ਨਗਰ (ਮੁਹਾਲੀ), 30 ਸਤੰਬਰ, (ਪੋਸਟ ਬਿਊਰੋ)- ਮੁਹਾਲੀ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ 26 ਸਾਲ ਪਹਿਲਾਂ ਇੱਕ ਨੌਜਵਾਨ ਨੂੰ ਅਗਵਾ ਕਰਨ ਤੇ ਝੂਠੇ ਪੁਲੀਸ ਮੁਕਾ-ਬਲੇ ਵਿੱਚ ਮਾਰਨ ਦੇ ਕੇਸ ਵਿੱਚ ਪੰਜਾਬ ਪੁਲੀਸ ਦੇ ਦੋ ਸੇਵਾ ਮੁਕਤ ਪੁਲੀਸ ਅਫ਼ਸਰਾਂ ਇੰਸਪੈਕਟਰ ਗਿਆਨ ਸਿੰਘ ਅਤੇ ਸਬ ਇੰਸਪੈਕਟਰ ਨਰਿੰਦਰ ਸਿੰਘ ਮੱਲ੍ਹੀ ਨੂੰ ਉਮਰ ਕੈਦ ਅਤੇ 60 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਉੱਤੇ 11 ਨਵੰਬਰ 1992 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਪੱਟੀ ਬਲੋਲ (ਥਾਣਾ ਸੁਲਤਾਨਵਿੰਡ) ਦੇ ਨੌਜਵਾਨ ਹਰਜੀਤ ਸਿੰਘ ਉਰਫ਼ ਗੋਰਾ ਨੂੰ ਅਗਵਾ ਕਰ ਕੇ ਝੂਠੇ ਮੁਕਾਬਲੇ ਵਿੱਚ ਮਾਰਨ ਦਾ ਦੋਸ਼ ਹੈ। ਪੁਲੀਸ ਨੇ ਹਰਜੀਤ ਸਿੰਘ ਦੇ ਪਿਤਾ ਬਲਬੀਰ ਸਿੰਘ ਨੂੰ ਵੀ ਉਸ ਦੇ ਨਾਲ ਘਰੋਂ ਚੁੱਕਿਆ ਸੀ, ਪ੍ਰੰਤੂ ਬਾਅਦ ਵਿੱਚ ਉਸ ਨੂੰ ਛੱਡ ਦਿੱਤਾ ਗਿਆ ਸੀ।

ਇਸ ਕੇਸ ਬਾਰੇ ਪੀੜਤ ਪਰਿਵਾਰ ਦੇ ਵਕੀਲ ਪੁਸ਼ਪਿੰਦਰ ਸਿੰਘ ਨੱਤ ਦਾ ਕਹਿਣਾ ਹੈ ਕਿ ਇਸ ਘਟਨਾ ਤੋਂ 5 ਦਿਨ ਪਹਿਲਾਂ 6 ਨਵੰਬਰ 1992 ਨੂੰ ਪੁਲੀਸ ਨੇ ਹਰਜੀਤ ਸਿੰਘ ਦੇ ਭਰਾ ਕੁਲਦੀਪ ਸਿੰਘ ਨੂੰ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਇਸ ਬਾਰੇ ਪੁਲੀਸ ਅਫ਼ਸਰਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਅਤੇ ਇਸ ਦੀ ਸੁਣਵਾਈ ਮੁਹਾਲੀ ਦੀ ਸੀ ਬੀ ਆਈ ਦੇ ਵਿਸ਼ੇਸ਼ ਜੱਜ ਹਰਜੀਤ ਸਿੰਘ ਦੀ ਅਦਾਲਤ ਵਿੱਚ ਚੱਲ ਰਹੀ ਸੀ। ਅੱਜ ਅਦਾਲਤ ਨੇ ਜਦੋਂ ਇਸ ਦਾ ਫੈਸਲਾ ਸੁਣਾਇਆ ਤਾਂ ਪੀੜਤ ਪਰਿਵਾਰ ਵੱਲੋਂ ਵਕੀਲ ਪੁਸ਼ਪਿੰਦਰ ਸਿੰਘ ਨੱਤ, ਆਰ ਐਸ ਬੈਂਸ, ਸਤਨਾਮ ਸਿੰਘ ਹਾਜ਼ਰ ਸਨ।



ਅਦਾਲਤ ਨੇ ਪੀੜਤ ਧਿਰ ਦੀਆਂ ਦਲੀਲਾਂ ਸੁਣ ਕੇ ਦੋਸ਼ੀਆਂ ਨੂੰ ਇੱਕ ਕੇਸ ਵਿੱਚ ਉਮਰ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨਾ, ਦੂਸਰੇ ਦੋ ਕੇਸਾਂ ਵਿੱਚ 2-2 ਸਾਲ ਦੀ ਕੈਦ ਅਤੇ 5-5 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਕੀਤੀ ਹੈ।ਵਕੀਲ ਪੁਸ਼ਪਿੰਦਰ ਸਿੰਘ ਨੱਤ ਦੇ ਮੁਤਾਬਕ 11 ਨਵੰਬਰ 1992 ਨੂੰ ਪੁਲੀਸ ਨੇ ਹਰਜੀਤ ਸਿੰਘ ਉਰਫ਼ ਗੋਰਾ ਅਤੇ ਉਸ ਦੇ ਪਿਤਾ ਬਲਬੀਰ ਸਿੰਘ ਨੂੰ ਤੜਕੇ ਘਰੋਂ ਚੁੱਕ ਕੇ ਪੁਲੀਸ ਹਿਰਾਸਤ ਵਿੱਚ ਰੱਖਿਆ ਗਿਆ ਤੇ ਫਿਰ ਮੋਹਤਬਰ ਲੋਕਾਂ ਦੇ ਕਹਿਣ 'ਤੇ ਬਲਬੀਰ ਸਿੰਘ ਨੂੰ ਛੱਡ ਦਿੱਤਾ, ਪਰ ਹਰਜੀਤ ਦਾ ਕੋਈ ਸੁਰਾਗ ਨਹੀਂ ਮਿ-ਲਆ। 20 ਦਸੰਬਰ 1992 ਨੂੰ ਹਰਜੀਤ ਦੇ ਪਿਤਾ ਨੇ ਡੀ ਜੀ ਪੀ ਨੂੰ ਸ਼ਿਕਾਇਤ ਕੀਤੀ, ਪਰ ਪੁਲੀਸ ਮੁਖੀ ਨੇ ਨਾ ਜਾਂਚ ਬਿਠਾਈ ਤੇ ਨਾ ਉਸ ਦੇ ਪੁੱਤਰ ਨੂੰ ਰਿਹਾਅ ਕੀਤਾ ਗਿਆ। ਤਿੰਨ ਸਾਲ ਪਿੱਛੋਂ 16 ਜਨਵਰੀ 1995 ਨੂੰ ਮਨੁੱਖੀ ਅਧਿਕਾਰ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਨੇ ਇੱਕ ਜਾਂਚ ਰਿਪੋਰਟ ਵਿੱਚ ਲਿਖਿਆ ਕਿ ਪੁਲੀਸ ਨੇ ਅੰਮ੍ਰਿਤਸਰ ਅਤੇ ਤਰਨ ਤਾਰਨ ਵਿੱਚ ਕਈ ਲਾਸ਼ਾਂ ਦਾ ਸਸਕਾਰ ਕੀਤਾ ਸੀ, ਜਿਨ੍ਹਾਂ ਵਿੱਚ ਹਰਜੀਤ ਸਿੰਘ ਗੋਰਾ ਵੀ ਸੀ। ਇਸ ਪਿੱਛੋਂ 20 ਜੁਲਾਈ 1995 ਨੂੰ ਖਾਲੜਾ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਪੁਲਸ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰੇ ਨੌਜਵਾਨਾਂ ਬਾਰੇ ਹਾਈ ਕੋਰਟ ਵਿੱਚ ਕੀਤੀ ਪਟੀਸ਼ਨ ਵਾਪਸ ਲੈਣ ਲਈ ਉਸ ਉੱਤੇ ਦਬਾਅ ਪਾ ਰਹੀ ਹੈ ਤੇ ਉਸ ਨੂੰ ਜਾਨ ਦਾ ਖਤਰਾ ਹੈ। 15 ਨਵੰਬਰ 1995 ਨੂੰ ਸੁਪਰੀਮ ਕੋਰਟ ਨੇ ਇਹ ਕੇਸ ਸੀ ਬੀ ਆਈ ਦੇ ਹਵਾਲੇ ਕਰਕੇ ਉੱਚ ਪੱਧਰੀ ਜਾਂਚ ਦੇ ਆਦੇਸ਼ ਦਿੱਤੇ ਅਤੇ ਡੀ ਜੀ ਪੀ ਸਮੇਤ ਚੀਫ ਸੈਕਟਰੀ ਤੇ ਹੋਮ ਸੈਕਟਰੀ ਨੂੰ ਕਿਹਾ ਕਿ ਜਾਂਚ ਵਿੱਚ ਸਹਿਯੋਗ ਦਿੱਤਾ ਜਾਵੇ। ਫਿਰ 30 ਮਈ 2000 ਨੂੰ ਸੁਪਰੀਮ ਕੋਰਟ ਦੇ ਹੁਕਮਾਂ ਉੱਤੇ ਦੋਸ਼ੀ ਪੁਲੀਸ ਅਫ਼ਸਰਾਂ ਉਤੇ ਕੇਸ ਦਰਜ ਹੋਇਆ ਅਤੇ 22 ਅਕਤੂਬਰ 2001 ਨੂੰ ਚਲਾਨ ਪੇਸ਼ ਕੀਤਾ ਗਿਆ ਸੀ।


# ਬਲਾਤਕਾਰ ਕੇਸ ਵਿੱਚ ਏ ਆਈ ਜੀ ਉਪਲ ਵਿਰੁੱਧ ਲੁਕ ਆਊਟ ਕਾਰਨਰ ਜਾਰੀ

ਅੰਮ੍ਰਿਤਸਰ, 30 ਸਤੰਬਰ (ਪੋਸਟ ਬਿਊਰੋ)- ਏ ਆਈ ਜੀ ਰਣਧੀਰ ਸਿੰਘ ਉਪਲ ਉੱਤੇ ਸੈਕਸ ਸ਼ੋਸ਼ਣ ਦਾ ਕੇਸ ਦਰਜ ਹੋਣ ਦੇ ਬਾਅਦ ਉਹ ਰੂਪੋਸ਼ ਹੋ ਗਿਆ ਹੈ। ਪੁਲਸ ਨੇ ਉਸ ਦੀ ਗ੍ਰਿਫਤਾਰੀ ਕਰਨ ਲਈ ਲੁਕ ਆਊਟ ਕਾਰਨਰ (ਐੱਲ ਓ ਸੀ) ਜਾਰੀ ਕੀਤਾ ਹੈ। ਇਸ ਤੋਂ ਪਹਿਲਾਂ ਉਸ ਦੀ ਗ੍ਰਿਫਤਾਰੀ ਦੀ ਖਬਰ ਵੀ ਆਈ ਸੀ।

ਐਡੀਸ਼ਨਲ ਡਿਪਟੀ ਕਮਿਸ਼ਨਰ ਪੁਲਸ ਲਖਬੀਰ ਸਿੰਘ ਨੇ ਇਸ ਬਾਰੇ ਦੱਸਿਆ ਕਿ ਉਪਲ ਦਾ ਪਾਸਪੋਰਟ ਨੰਬਰ ਲੈਣ ਪਿੱਛੋਂ ਉਸ ਦੀ ਗ੍ਰਿਫਤਾਰੀ ਲਈ ਐੱਲ ਓ ਸੀ ਜਾਰੀ ਕਰ ਦਿੱਤਾ ਗਿਆ ਹੈ। ਪੁਲਸ ਨੂੰ ਸ਼ੱਕ ਹੈ ਕਿ ਉਹ ਵਿਦੇਸ਼ ਭੱਜ ਸਕਦਾ ਹੈ। ਇਸ ਕੇਸ ਵਿੱਚ ਪੁਲਸ ਨੇ ਦੋ ਹੋਰ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ, ਜਿਨ੍ਹਾਂ ਦੀ ਸ਼ਨਾਖਤ ਜਸਕਰਨ ਸਿੰਘ ਤੇ ਪਰਮਿੰ-ਦਰ ਸਿੰਘ ਵਜੋਂ ਹੋਈ ਹੈ। ਜਾਂਚ ਤੋਂ ਸਾਹਮਣੇ ਆਇਆ ਸੀ ਕਿ ਇਹ ਦੋਵੇਂ ਵਿਅਕਤੀ ਪੀੜਤ ਵਿਦਿਆਰਥਣ ਨੂੰ ਹੁਸ਼ਿਆਰਪੁਰ ਤੋਂ ਚੰਡੀਗੜ੍ਹ ਲੈ ਕੇ ਗਏ ਸਨ, ਜਿੱਥੇ ਉਸ ਨਾਲ ਬਲਾਤਕਾਰ ਹੋਇਆ। ਇਹ ਦੋਵੇਂ ਜਣੇ ਕੇਸ ਦਰਜ ਹੋਣ ਪਿੱਛੋਂ ਗਾਇਬ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਕੇਸ ਲਈ ਵਿਸ਼ੇਸ਼ ਜਾਂਚ ਲਈ ਦਾ ਗਠਨ ਕੀਤਾ ਗਿਆ ਹੈ, ਜਿਸ ਦੀ ਅਗਵਾਈ ਸਹਾਇਕ ਪੁਲਸ ਕਮਿਸ਼ਨਰ ਰਿਚਾ ਅਗਨੀਹੋਤਰੀ ਕਰਨਗੇ ਜਦੋਂ ਕਿ ਛਾਉਣੀ ਥਾਣੇ ਦੇ ਐੱਸ ਐੱਚ ਓ ਅਤੇ ਮਹਿਲਾ ਥਾਣੇ ਦੀ ਐੱਸ ਐੱਚ ਓ ਇਸ ਟੀਮ ਦੇ ਮੈਂਬਰ ਬਣਾਏ ਗਏ ਹਨ।



# ਗੱਡੀ ਉੱਤੇ ਔਰਤ ਬਿਠਾਉਣ ਦੇ ਕੇਸ ਵਿੱਚ ਸਰਕਾਰ ਅਤੇ ਡੀ ਜੀ ਪੀ ਨੂੰ ਨੋਟਿਸ




ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਅੰਮ੍ਰਿਤਸਰ ਜ਼ਿਲੇ ਦੇ ਮਜੀਠਾ ਹਲਕੇ ਵਿੱਚ ਪੁਲਸ ਟੀਮ ਵੱਲੋਂ ਗੱਡੀ 'ਤੇ ਇਕ ਔਰਤ ਨੂੰ ਬਿਠਾ ਕੇ ਗੱਡੀ ਭਜਾਉਣ ਦੇ ਮਾਮਲੇ 'ਚ ਪੀੜਤ ਔਰਤ ਦੇ ਸਹੁਰੇ ਦੀ ਪਟੀਸ਼ਨ ਉਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਹੋਰ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਦੋ ਨਵੰਬਰ ਤੱਕ ਜਵਾਬ ਮੰਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਇੱਕ ਆਈ ਪੀ ਐਸ ਅਫਸਰ ਉਤੇ ਆਧਾਰਤ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਬਣਾਈ ਜਾਵੇ, ਜੋ ਪੁਲਸ ਦੀ ਜ਼ਿਆਦਤੀ ਵਾਲੀ ਇਸ ਘਟਨਾ ਦੀ ਜਾਂਚ ਕਰੇ। ਪੰਜਾਬ ਸਰਕਾਰ, ਡੀ ਜੀ ਪੀ, ਅੰਮ੍ਰਿਤਸਰ ਦੇ ਐਸ ਐਸ ਪੀ ਅਤੇ ਹੋਰਨਾਂ ਨੂੰ ਪਾਰਟੀ ਬਣਾਉਂਦੇ ਹੋਏ ਬਲਵੰਤ ਸਿੰਘ ਨੇ ਇਹ ਪਟੀਸ਼ਨ ਦਰਜ ਕੀਤੀ ਹੈ, ਜਿਸ ਵਿੱਚ ਪਟੀਸ਼ਨਰ ਨੇ ਆਪਣੇ ਪਰਵਾਰ ਦੀ ਸੁਰੱਖਿਆ ਅਤੇ ਆਜ਼ਾਦੀ ਦੀ ਵੀ ਮੰਗ ਕੀਤੀ ਹੈ। ਸੋਸ਼ਲ ਮੀਡੀਆ ਉਤੇ ਚਰਚਾ 'ਚ ਆਈ ਵੀਡੀਓ ਬਾਰੇ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਟੀਮ ਮਹਿਲਾ ਪੁਲਸ ਮੁਲਾਜ਼ਮਾਂ ਨੂੰ ਲਏ ਬਿਨਾਂ ਪੁਲਸ ਜ਼ਬਰਦਸਤੀ ਉਨ੍ਹਾਂ ਦੇ ਘਰ ਆਈ ਅਤੇ ਉਨ੍ਹਾਂ ਦੀ ਨੂੰਹ ਜਸਵਿੰਦਰ ਕੌਰ ਨੂੰ ਜ਼ਬਰਦਸਤੀ ਖਿੱਚ ਕੇ ਲੈ ਗਈ ਅਤੇ ਉਸ ਨੂੰ ਪੁਲਸ ਦੀ ਜੀਪ ਦੀ ਛੱਤ 'ਤੇ ਬਿਠਾਇਆ ਗਿਆ। ਪੂਰੇ ਪਿੰਡ'ਚ ਉਸ ਨੂੰ ਘੁੰਮਾਉਂਦੇ ਹੋਏ ਪੁਲਸ ਲੈ ਗਈ ਤਾਂ ਚੱਲਦੀ ਜੀਪ ਤੋਂ ਹੇਠਾਂ ਡਿੱਗਣ ਕਾਰਨ ਉਹ ਜ਼ਖਮੀ ਹੋ ਗਈ। ਪਟੀਸ਼ਨਰ ਨੇ ਕਿਹਾ ਹੈ ਕਿ ਕੁਝ ਲੋਕਾਂ ਖਿਲਾਫ ਇਕ ਕੇਸ ਵੀ ਦਰਜ ਹੋਇਆ ਸੀ, ਜੋ ਪਟੀਸ਼ਨਰ ਦੇ ਜਾਣਕਾਰ ਸਨ ਅਤੇ ਉਹ ਝੂਠਾ ਕੇਸ ਸੀ।

# ਵਕਫ ਬੋਰਡ ਦੀ ਨਕੋਦਰ ਰੋਡ ਵਾਲੀ ਜ਼ਮੀਨ ਦਾ ਰਿਕਾਰਡ ਤਲਬ ਕਰ ਲਿਆ ਗਿਆ

* ਗਲਤ ਰਜਿਸਟਰੀਆਂ ਹੋਣ ਦੇ ਦੋਸ਼ਾਂ ਦੀ ਚਰਚਾ

ਜਲੰਧਰ, 30 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਨਕੋਦਰ ਰੋਡ ਉਤੇ ਘਈ ਫਰਨੀਚਰ ਦੇ ਨਜ਼ਦੀਕ ਅਤੇ ਅਗਰਵਾਲ ਸੈਨੀਟੇਸ਼ਨ ਦੇ ਸਾਹਮਣੇ ਵਕਫ ਬੋਰਡ ਦੀ ਸਥਾਨਕ ਕਾਫੀ ਕੀਮਤੀ ਜ਼ਮੀਨ ਹੈ, ਜਿਸ 'ਤੇ ਪਿਛਲੇ ਦਿਨੀਂ ਹੋਈ ਉਸਾਰੀ ਨਾਲ ਵਿਵਾਦ ਖੜ੍ਹਾ ਹੋ ਗਿਆ ਸੀ। ਵਕਫ ਬੋਰਡ ਦੀ ਸ਼ਿਕਾਇਤ ਉਤੇ ਐਡੀਸ਼ਨਲ ਜ਼ਿਲਾ ਸੈਸ਼ਨ ਜੱਜ ਹਰਵੀਨ ਭਾਰਦਵਾਜ ਨੇ ਵਕਫ ਬੋਰਡ ਦੀ ਮਾਲਕੀ ਵਾਲੇ ਖੇਤਰ ਦਾ ਸਟੇਅ ਆਰਡਰ ਜਾਰੀ ਦਿੱਤਾ ਹੈ, ਜਿਸ ਤੋਂ ਬਾਅਦ ਉਥੇ ਹਰ ਕਿਸਮ ਦੀ ਉਸਾਰੀ 'ਤੇ ਰੋਕ ਲਾ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਇਸ ਇਲਾਕੇ ਵਿੱਚ ਵਕਫ ਬੋਰਡ ਦੀ 19 ਕਨਾਲ ਤੋਂ ਵੱਧ ਜ਼ਮੀਨ ਹੈ, ਜਿਸ ਵਿੱਚੋਂ ਇੱਕ ਹੀ ਪਲਾਟ ਖਾਲੀ ਬਚਿਆ ਸੀ, ਉਸ ਉੱਤੇ ਵੀ ਦਾ ਕੰਮ ਸ਼ੁਰੂ ਹੁੰਦੇ ਸਾਰ ਰੌਲਾ ਪੈ ਗਿਆ। ਵਕਫ ਬੋਰਡ ਅਧਿਕਾਰੀਆਂ ਦਾ ਦੋਸ਼ ਹੈ ਕਿ ਇਸ ਮਾਮਲੇ ਵਿੱਚ ਮਾਲ ਮਹਿਕਮੇ ਦੇ ਅਧਿਕਾਰੀਆਂ ਤੇ ਪੁਲਸ ਵਿਭਾਗ ਨੇ ਉਨ੍ਹਾਂ ਨੂੰ ਸਹਿਯੋਗ ਨਹੀਂ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਅਦਾਲਤ ਦਾ ਸਹਾਰਾ ਲੈਣਾ ਪਿਆ। ਅਦਾਲਤ ਵਿੱਚ ਇੱਕ ਕੇਸ ਦੀ ਸੁਣਵਾਈ 26 ਅਕਤੂਬਰ ਨੂੰ ਹੋਵੇਗੀ, ਤਦ ਤੱਕ ਦੋਵਾਂ ਧਿਰਾਂ ਨੂੰ ਅਦਾਲਤ ਦੇ ਸਟੇਟਸ-ਕੋ ਆਰਡਰ ਮੰਨਣਾ ਪਵੇਗਾ। ਇਸ ਦੌਰਾਨ ਪਤਾ ਲੱਗਾ ਹੈ ਕਿ ਜਲੰਧਰ ਦੇ ਵਕਫ ਬੋਰਡ ਦੇ ਅਧਿਕਾਰੀਆਂ ਨੂੰ ਪ੍ਰਸ਼ਾਸਨ ਅਤੇ ਪੁਲਸ ਕੋਲੋਂ ਸਹਿਯੋਗ ਨਾ ਮਿਲਣ ਦਾ ਸਾਰਾ ਮਾਮਲਾ ਵਕਫ ਬੋਰਡ ਦੇ ਚੰਡੀਗੜ੍ਹ ਮੁੱਖ ਦਫਤਰ ਵਿੱਚ ਪਹੁੰਚ ਗਿਆ ਹੈ। ਚੇਅਰਮੈਨ ਜੁਨੈਦ ਖਾਨ ਨੇ ਇਸ ਦਾ ਸਾਰਾ ਰਿਕਾਰਡ ਤਲਬ ਕੀਤਾ ਅਤੇ ਇਸ ਖੇਤਰ ਵਿੱਚ ਹੋਈਆਂ ਰਜਿਸਟਰੀਆਂ ਨੂੰ ਵੀ ਰਿਕਾਰਡ ਵਿੱਚੋਂ ਕੱਢਿਆ ਗਿਆ ਹੈ। ਇਸ ਵਿੱਚ ਛਾਣਬੀਣ ਵਿੱਚ ਜੇ ਕੁਝ ਗੋਲਮਾਲ ਨਿਕਲਿਆ ਤਾਂ ਰੈਵੇਨਿਊ ਵਿਭਾਗ ਦੇ ਅਧਿਕਾਰੀਆਂ ਉੱਤੇ ਕਾਰਵਾਈ ਹੋ ਸਕਦੀ ਹੈ ਅਤੇ ਜ਼ਮੀਨ ਵੇਚਣ ਅਤੇ ਖਰੀਦਣ ਵਾਲਿਆਂ ਨੂੰ ਵੀ ਆਉਣ ਵਾਲੇ ਸਮੇਂ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਜੌਰਜੀਆ ਬੈਠੇ ਟਰੈਵਲ ਏਜੰਟਾਂ ਉਤੇ ਧੋਖਾਦੇਹੀ ਦਾ ਕੇਸ ਦਰਜ

ਜਗਰਾਓਂ, 30 ਸਤੰਬਰ (ਪੋਸਟ ਬਿਊਰੋ)- ਜੌਰਜੀਆ ਵਿੱਚ ਬੈਠ ਕੇ ਪਤਨੀ ਅਤੇ ਸਾਥੀ ਨਾਲ ਮਿਲ ਕੇ ਸੋਸ਼ਲ ਮੀਡੀਆ ਰਾਹੀਂ ਇਸ਼ਤਿਹਾਰਬਾਜ਼ੀ ਕਰਦੇ ਹੋਏ ਵਿਦੇਸ਼ ਭੇਜਣ ਦੀ ਆੜ 'ਚ ਲੋਕਾਂ ਨਾਲ ਠੱਗੀ ਮਾਰਨ ਵਾਲੇ ਲੋਕਾਂ ਉੱਤੇ ਪੁਲਸ ਨੇ ਇੱਕ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਪੰਜਾਬ ਦੇ ਕਈ ਸ਼ਹਿਰਾਂ 'ਚ ਇਸ ਤਰ੍ਹਾਂ ਦੀ ਠੱਗੀ ਦਾ ਰੌਲਾ ਪੈਣ ਦੇ ਬਾਅਦ ਡੀ ਜੀ ਪੀ ਪੰਜਾਬ ਨੇ ਐਸ ਐਸ ਪੀ ਜਗਰਾਓਂ ਨੂੰ ਇਸ ਦੀ ਜਾਂਚ ਦੇ ਹੁਕਮ ਦਿੱਤੇ ਸਨ। ਐਸ ਐਸ ਪੀ ਵਰਿੰਦਰ ਸਿੰਘ ਬਰਾੜ ਨੇ ਇਸ ਦੀ ਉਚ ਪੱਧਰੀ ਜਾਂਚ ਕਰਵਾ ਕੇ ਏਜੰਟ, ਉਸ ਦੀ ਪਤਨੀ ਅਤੇ ਇਕ ਹੋਰ ਸਾਥੀ ਦੇ ਖਿਲਾਫ ਪਰਚਾ ਦਰਜ ਕੀਤਾ ਹੈ। ਇਸ ਸੰਬੰਧ ਵਿੱਚ ਐਸ ਐਸ ਪੀ ਬਰਾੜ ਨੇ ਦੱਸਿਆ ਕਿ ਪੂਰੇ ਮਾਮਲੇ 'ਚ ਠੱਗੀ ਦਾ ਸ਼ਿਕਾਰ ਹੋਏ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਪਹੁੰਚੇ ਲੋਕਾਂ ਵੱਲੋਂ ਜਸਵੀਰ ਸਿੰਘ ਵਾਸੀ ਕਰਨੈਲ ਗੇਟ ਜਗਰਾਓਂ ਨੇ ਸ਼ਿਕਾਇਤ ਕੀਤੀ ਸੀ ਕਿ ਜੌਰਜੀਆ 'ਚ ਬੈਠੇ ਆਸ਼ੀਸ਼ ਭਾਟੀਆ ਵਾਸੀ ਤਲਵਾੜਾ (ਹੁਸ਼ਿਆਰਪੁਰ), ਉਸ ਦੀ ਪਤਨੀ ਪਰਮਿੰਦਰ ਕੌਰ ਅਤੇ ਇੱਕ ਜੋੜੀਦਾਰ ਜਸਪਿੰ-ਦਰ ਸਿੰਘ ਨੇ ਸੋਸ਼ਲ ਮੀਡੀਆ ਉੱਤੇ ਇਸ਼ਤਿਹਾਰ ਪਾ ਕੇ ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਨਾਲ ਠੱਗੀਆਂ ਮਾਰੀਆਂ ਸਨ।

# ਘੋੜੇ ਨੇ ਖੇਤ ਉਜਾੜਿਆ ਤਾਂ ਘੋੜਾ ਮਾਲਕ ਨੇ ਕੁੱਟ-ਕੁੱਟ ਮਾਰ ਦਿੱਤਾ

ਦੋਰਾਂਗਲਾ, 30 ਸਤੰਬਰ (ਪੋਸਟ ਬਿਊਰੋ)- ਥਾਣਾ ਦੋਰਾਂਗਲਾ ਦੇ ਪਿੰਡ ਆਦੀਆਂ ਵਿਖੇ ਝੋਨੇ ਦੇ ਇੱਕ ਖੇਤ 'ਚ ਘੋੜਾ ਵੜ ਜਾਣ ਕਾਰਨ ਕਿਸਾਨ ਨੇ ਘੋੜੇ ਦੇ ਮਾਲਕ ਦੀ ਕੁੱਟਮਾਰ ਕੀਤੀ ਤਾਂ ਉਸ ਦੀ ਮੌਤ ਹੋ ਗਈ। ਮ੍ਰਿਤਕ ਮਦਨ ਮਸੀਹ (70) ਪੁੱਤਰ ਮਲਕਾ ਮਸੀਹ ਦੀ ਧੀ ਸੁਮਨ ਨੇ ਪੁਲਸ ਨੂੰ ਬਿਆਨਾਂ ਦਿੱਤੇ ਹਨ ਕਿ ਉਸ ਦਾ ਪਿਤਾ ਰਿਹੜੇ-ਘੋੜੇ ਰਾਹੀਂ ਮਜ਼ਦੂਰੀ ਕਰਦਾ ਸੀ। ਕੱਲ੍ਹ ਸ਼ਾਮ ਜਦੋਂ ਉਹ ਕੰਮ ਤੋਂ ਵਾਪਸ ਆ ਕੇ ਰੇੜ੍ਹਾ ਖੜ੍ਹਾ ਕਰਨ ਮਗਰੋਂ ਆਪਣੇ ਘਰ ਆ ਗਿਆ ਤਾਂ ਘੋੜਾ ਖੁੱਲ੍ਹ ਕੇ ਸਰੂਪ ਸਿੰਘ ਦੇ ਖੇਤ 'ਚ ਜਾ ਵੜਿਆ, ਜਿਸ ਤੋਂ ਭੜਕੇ ਸਰੂਪ ਸਿੰਘ ਨੇ ਉਨ੍ਹਾਂ ਦੇ ਘਰ ਆ ਕੇ ਉਸ ਦੇ ਪਿਤਾ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਫੜ ਕੇ ਕੰਧਾਂ ਨਾਲ ਟੱਕਰਾਂ ਮਰਵਾਈਆਂ, ਜਿਸ ਨਾਲ ਉਸ ਦਾ ਪਿਤਾ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਪਹਿਲਾਂ ਦੋਰਾਂਗਲਾ ਹਸਪਤਾਲ ਲਿਜ-ਾਇਆ ਗਿਆ, ਪਰ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਭੇਜ ਦਿੱਤਾ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਦੀ ਲੜਕੀ ਦੇ ਬਿਆਨਾਂ ਉੱਤੇ ਸਰੂਪ ਸਿੰਘ ਅਤੇ ਸੁਖਵਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

# ਲੜਕੀ ਦਾ ਕਤਲ ਕਰ ਕੇ ਲਾਸ਼ ਵੇਈਂ ਵਿੱਚ ਸੁੱਟਣ ਪਿੱਛੋਂ ਨੌਜਵਾਨ ਵੱਲੋਂ ਖੁਦਕੁਸ਼ੀ

ਮਲਸੀਆਂ, 30 ਸਤੰਬਰ (ਪੋਸਟ ਬਿਊਰੋ)- ਮਲਸੀਆਂ ਰੇਲਵੇ ਸਟੇਸ਼ਨ ਨਜ਼ਦੀਕ ਬੀਤੀ 25 ਸਤੰਬਰ ਨੂੰ ਨੌਜਵਾਨ ਵੱਲੋਂ ਖੁਦਕੁਸ਼ੀ ਦੇ ਕੇਸ ਵਿੱਚ ਨਵਾਂ ਮੋੜ ਆ ਗਿਆ ਹੈ। ਨੌਜਵਾਨ ਸੁਖਜੀਵਨ ਸਿੰਘ ਵਾਸੀ ਪਿੰਡ ਕਾਂਗਣਾ (ਨਕੋਦਰ) ਆਰ ਸੀ ਐਫ ਕਪੂਰਥਲਾ ਵਿਖੇ ਨੌਕਰੀ ਕਰਦਾ ਸੀ, ਜਿਸ ਨੇ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ।

ਇਸ ਸੰਬੰਧ ਵਿੱਚ ਪੁਲਸ ਨੂੰ ਮ੍ਰਿਤਕ ਦੀ ਜੇਬ 'ਚੋਂ ਖੁਦਕੁਸ਼ੀ ਨੋਟ ਮਿਲਿਆ ਹੈ, ਜਿਸ ਵਿੱਚ ਉਸ ਨੇ ਕਪੂਰਥਲਾ ਦੀ ਰਚਨਾ ਨਾਂਅ ਦੀ ਲੜਕੀ ਦਾ ਜ਼ਿਕਰ ਕਰ ਕੇ ਉਸ 'ਤੇ ਕੁਝ ਦੋਸ਼ ਲਾਏ ਹਨ। ਨੋਟ ਵਿੱਚ ਲਿਖਿਆ ਹੈ ਕਿ ਉਸ ਨੇ ਉਸ ਲੜਕੀ ਨੂੰ ਮਾਰ ਕੇ ਲਾਸ਼ ਵੇਈਂ ਵਿੱਚ ਸੁੱਟ ਦਿੱਤੀ ਸੀ। ਇਸ ਤੋਂ ਬਾਅਦ ਉਸ ਨੇ ਮਲਸੀਆਂ ਰੇਲਵੇ ਸਟੇਸ਼ਨ ਨੇੜੇ ਰੇਲ ਗੱਡੀ ਅੱਗੇ ਛਾਲ ਮਾਰ ਕੇ ਆਪਣਾ ਜੀਵਨ ਖਤਮ ਕਰ ਲਿਆ ਹੈ। ਜੀ ਆਰ ਪੀ ਚੌਕੀ ਲੋਹੀਆਂ ਦੇ ਮੁਖੀ ਏ ਐੱਸ ਆਈ ਕਸ਼ਮੀਰ ਸਿੰਘ ਨੇ ਦੱਸਿਆ ਕਿ ਉਸ ਲੜਕੀ ਬਾਰੇ ਉਸ ਦੇ ਘਰੋਂ ਪਤਾ ਨਹੀਂ ਲੱਗ ਸਕਿਆ ਕਿ ਕਿੱਥੇ ਗਈ ਹੈ। ਨੌਜਵਾਨ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਲਿਖੇ ਨੋਟ ਵਿੱਚ ਇਹ ਵੀ ਨਹੀਂ ਦੱਸਿਆ ਕਿ ਉਹ ਕਿਸ ਵੇਈਂ ਵਿੱਚ ਲੜਕੀ ਦੀ ਲਾਸ਼ ਨੂੰ ਸੁੱਟ ਰਿਹਾ ਹੈ। ਪੁਲਸ ਨੇ ਸੁਲਤਾਨਪੁਰ ਲੋਧੀ (ਕਪੂਰਥਲਾ) ਅਤੇ ਮਲਸੀਆਂ ਨੇੜੇ ਵਗਦੀ ਚਿੱਟੀ ਵੇਈਂ ਵਿੱਚ ਉਸ ਲੜਕੀ ਦੀ ਲਾਸ਼ ਦੀ ਤਲਾਸ਼ ਕਰਵਾਈ ਹੈ, ਪਰ ਮੀਂਹ ਪਿੱਛੋਂ ਜ਼ਿਆਦਾ ਪਾਣੀ ਛੱਡਣ ਨਾਲ ਮੁਸ਼ਕਲ ਪੇਸ਼ ਆ ਰਹੀ ਹੈ। ਉਨ੍ਹਾਂ ਕਿਹਾ ਕਿ ਲੜਕੀ ਦੇ ਜਿਊਂਦੇ ਹੋਣ ਜਾਂ ਮ੍ਰਿਤਕ ਹੋਣ ਬਾਰੇ ਅਜੇ ਕਿਸੇ ਵੀ ਤਰ੍ਹਾਂ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ।




# ਵਰਿਆਣਾ ਦੇ ਕੂੜਾ ਡੰਪ ਦਾ ਮਾਮਲਾ ਹਾਈ ਕੋਰਟ ਜਾ ਪੁੱਜਾ

ਜਲੰਧਰ, 30 ਸਤੰਬਰ (ਪੋਸਟ ਬਿਊਰੋ)- ਜਲੰਧਰ ਦੀ ਕਪੂਰਥਲਾ ਰੋਡ ਉੱਤੇ ਵਰਿਆਣਾ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਵੱਸੀਆਂ ਕੁਝ ਕਾਲੋਨੀਆਂ ਦੀਆਂ ਸੁਸਾਇਟੀਆਂ ਨੇ ਨਗਰ ਨਿਗਮ ਵਿਰੁੱਧ ਹਾਈ ਕੋਰਟ ਨੂੰ ਅਰਜ਼ੀ ਦਾਇਰ ਕੀਤੀ ਹੈ। ਇਸ ਡੰਪ ਸਾਈਟ ਉਤੇ ਕੂੜਾ ਸੁੱਟਣਾ ਬੰਦ ਨਾ ਕਰਨ ਕਰ ਕੇ ਇਹ ਅਰਜ਼ੀ ਦਿੱਤੀ ਗਈ ਹੈ।

ਜਲੰਧਰ ਪ੍ਰਾਈਮ ਵੈਲਫੇਅਰ ਸੁਸਾਇਟੀ ਦੇ ਜਨਰਲ ਸਕੱਤਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਹਾਈ ਕੋਰਟ ਨੇ ਇਹ ਅਰਜ਼ੀ ਸੁਣਵਾਈ ਦੇ ਲਈ ਮਨਜ਼ੂਰ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਜਲੰਧਰ ਪ੍ਰਾਈਮ, ਜਲੰਧਰ ਕੁੰਜ, ਜਲੰਧਰ ਵਿਹਾਰ ਸਮੇਤ ਕੁਝ ਹੋਰ ਸੁਸਾਇਟੀਆਂ ਦੇ ਲੋਕਾਂ ਵਿੱਚ ਨਿਗਮ ਪ੍ਰਸ਼ਾਸਨ ਦੇ ਖਿਲਾਫ ਭਾਰੀ ਰੋਸ ਹੈ। ਲੋਕਾਂ ਨੇ ਪ੍ਰਸ਼ਾਸਨ ਤੋਂ ਵਰਿਆਣਾ ਵਿੱਚ ਹੋਰ ਕੂੜਾ ਡੰਪ ਕਰਨਾ ਬੰਦ ਕਰਨ ਦੀ ਮੰਗ ਕੀਤੀ ਸੀ। ਵਰਿਆਣਾ ਵਿਚਲੇ ਕੂੜੇ ਦੇ ਪਹਾੜਾਂ ਨਾਲ ਆਸ ਪਾਸ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਕਈ ਗੰਭੀਰ ਬਿਮਾਰੀਆਂ ਲੱਗ ਰਹੀਆਂ ਹਨ ਅਤੇ ਪਾਣੀ ਵੀ ਦੂਸ਼ਿਤ ਹੋ ਚੁੱਕਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵਰਿਆਣਾ ਵਿੱਚ 700 ਫੁੱਟ ਡੂੰਘਾਈ 'ਤੇ ਜਾ ਕੇ ਪੀਣ ਵਾਲਾ ਸਾਫ ਪਾਣੀ ਮਿਲਦਾ ਹੈ। ਇਸ ਕਾਰਨ ਲੋਕਾਂ ਕੋਲ ਨਿਗਮ ਵੱਲੋਂ ਵਰਿਆਣਾ ਵਿੱਚ ਕੂੜਾ ਡੰਪ ਕਰਨ ਤੋਂ ਰੋਕਣ ਤੇ ਪਲਾਂਟ ਲਾਉਣ ਦਾ ਵਿਰੋਧ ਕਰਨ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਬਚਿਆ ਸੀ।

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

Condo Townhouse for sale.
$559,000
100 Brickyard Way Unit #66, Brampton
ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਉਨ ਹਾਉਸ
A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities
KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com
Century 21 President Realty Inc. Brokerage*
Looking For a Nest..? Call the Best



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
Visitor Visa ($200)
Supervisa ($200)
Study, Work, Visitor Extension ($125)
Spousal Applications ($600)
Family Sponsorship
Permanent Residence Card Renewal ($65)
Citizenship Applications ($70)
All Invitation letters ($35)
OTHER PRACTICES:
Criminal Law
Power of Attorney ($60)
Change of Name ($115)
Notarization ($15)
Travel Consent ($20)
Affidavit ($35)
Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

# ਮੁੱਖ ਮੰਤਰੀ ਖੱਟਰ ਦੇ ਵਿਰੋਧ ਕਾਰਨ ਹਰਿਆਣਾ ਵਿੱਚ ਸਿੱਖਾਂ ਵੱਲੋਂ ਭਾਜਪਾ ਦੇ ਬਾਈਕਾਟ ਦਾ ਐਲਾਨ


ਡੇਰਾ ਕਾਰ ਸੇਵਾ ਵਿਚ ਬੈਠਕ ਕਰਦੇ ਸਿੱਖ ਭਾਈਚਾਰੇ ਦੇ ਲੋਕ।

ਕਰਨਾਲ, 30 ਸਤੰਬਰ, (ਪੋਸਟ ਬਿਊਰੋ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਸ਼ੁੱਕਰਵਾਰ ਨੂੰ ਡਾਚਰ ਪਿੰਡ ਦੇ ਗੁਰਦੁਆਰੇ ਵਿੱਚ ਮੱਥਾ ਟੇਕਣ ਦਾ ਪ੍ਰੋਗਰਾਮ ਰੱਦ ਕੀਤੇ ਜਾਣ ਤੋਂ ਨਾਰਾਜ਼ ਹੋਏ ਸਿੱਖਾਂ ਨੇ ਕਰਨਾਲ 'ਚ ਬੈਠਕ ਕਰ ਕੇ ਅੱਜ ਭਾਜਪਾ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਜ ਏਥੇ ਰੋਹ ਵਿੱਚ ਆਏ ਸਿੱਖਾਂ ਨੇ ਕਰਨਾਲ ਦੇ ਗੁਰਦੁਆਰੇ ਡੇਰਾ ਕਾਰ ਸੇਵਾ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਭਾਜਪਾ ਸਰਕਾਰ ਵਿਰੁੱਧ ਖੁੱਲ੍ਹ ਕੇ ਬਿਆਨਬਾਜ਼ੀ ਕੀਤੀ। ਉਨ੍ਹਾਂ ਨੇ 6 ਅਕਤੂਬਰ ਨੂੰ ਡਾਚਰ ਪਿੰਡ ਵਿੱਚ ਸੂਬਾ ਪੱਧਰ ਦੀ ਬੈਠਕ ਵੀ ਸੱਦੀ ਹੈ, ਜਿੱਥੇ ਅੱਗੇ ਦੀ ਰਣਨੀਤੀ ਬਣਾਈ ਜਾਵੇਗੀ। ਇਨ੍ਹਾਂ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਇਸ ਬੈਠਕ ਤੋਂ ਪਹਿਲਾਂ ਗੁਰਦੁਆਰੇ ਆ ਕੇ ਮੁਆਫ਼ੀ ਮੰਗਣ ਜਾਂ ਇਹ ਲੋਕ ਕਰਨਾਲ 'ਚ ਹੋ ਰਹੀ ਪ੍ਰਧਾਨ ਮੰਤਰੀ ਦੀ ਰੈਲੀ ਬਾਰੇ ਕੋਈ ਸਖ਼ਤ ਫ਼ੈਸਲਾ ਲੈ ਸਕਦੇ ਹਨ, ਜਿਸ ਦੀ ਜ਼ਿੰਮੇਵਾਰ ਭਾਜਪਾ ਹੋਵੇਗੀ। ਵਰਨਣ ਯੋਗ ਹੈ ਕਿ ਵਿਵਾਦ ਦੀ ਸ਼ੁਰੂਆਤ ਡਾਚਰ ਦੇ ਗੁਰ-ਦੁਆਰੇ ਵਿੱਚ ਸੰਤ ਭਿੰਡਰਾਵਾਂਲਾ ਦੀ ਲੱਗੀ ਤਸਵੀਰ ਦੇ ਕਾਰਨ ਮੁੱਖ ਮੰਤਰੀ ਦਾ ਦੌਰਾ ਰੱਦ ਕਰਨ ਤੋਂ ਹੋਈ ਸੀ।

ਦੂਸਰੇ ਪਾਸੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਅੱਜ ਕਲਪਨਾ ਚਾਵਲਾ ਮੈਡੀਕਲ ਕਾਲਜ ਵਿੱਚ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਡਾਚਰ ਪਿੰਡ ਦੇ ਗੁਰਦੁਆਰੇ ਉਨ੍ਹਾਂ ਨੇ ਜਾਣਾ ਸੀ, ਪਰ ਉਥੇ ਸੰਤ ਭਿੰਡਰਾਂਵਾਲਾ ਦੀ ਤਸਵੀਰ ਲੱਗੀ ਹੋਣ ਕਰ ਕੇ ਉਨ੍ਹਾਂ ਨੇ ਪ੍ਰੋਗਰਾਮ ਰੱਦ ਕੀਤਾ ਸੀ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੂੰ ਤਸਵੀਰ ਹਟਾਉਣ ਨੂੰ ਕਿਹਾ ਗਿਆ, ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਉਸ ਪਿੰਡ ਦੇ ਸਿੱਖਾਂ ਵੱਲੋਂ ਗੁੱਸੇ ਵਿੱਚ ਫਾਇਰ ਬ੍ਰਿਗੇਡ ਗੱਡੀ ਦੀ ਭੰਨ-ਤੋੜ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕੀਤੇ ਜਾਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਕਾਨੂੰਨ ਨੂੰ ਤੋੜਨਗੇ, ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਕੀਤੀ ਹੀ ਜਾਵੇਗੀ। ਇਸ ਦੌਰਾਨ ਖੱਟਰ ਨੇ ਅੱਜ ਕਰਨਾਲ ਦੇ ਡੇਰਾ ਕਾਰ ਸੇਵਾ ਗੁਰਦੁਆਰੇ ਵਿੱਚ ਮੱਥਾ ਟੇਕਿਆ ਤੇ ਸ਼ਰਧਾਲੂਆਂ ਨਾਲ ਗੱਲਬਾਤ ਕੀਤੀ।

ਅੱਜ ਹੀ ਸਿੱਖਾਂ ਨੇ ਇਸੇ ਗੁਰਦੁਆਰੇ ਵਿੱਚ ਬੈਠਕ ਕਰਕੇ ਭਾਜਪਾ ਦੇ ਵਿਧਾਇਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਇਸ ਬੈਠਕ ਵਿੱਚ ਗੁਰਦੁਆਰੇ ਦੇ ਮੁਖੀ ਬਾਬਾ ਸੁੱਖਾ ਸਿੰਘ, ਹਰਿਆਣਾ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਯੂਥ ਇਕਾਈ ਦੇ ਇਸ ਰਾਜ ਜਨਰਲ ਸਕੱਤਰ ਅੰਗਰੇਜ਼ ਸਿੰਘ ਪੰਨੂ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੰਵਲਜੀਤ ਸਿੰਘ ਅਜਰਾਣਾ ਸ਼ਾਮਲ ਸਨ। ਅਕਾਲੀ ਆਗੂ ਕੰਵਲਜੀਤ ਸਿੰਘ ਅਜਰਾਣਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਪਿੰਡ ਡਾਚਰ ਦੇ ਗੁਰਦੁਆਰੇ 'ਚ ਸ਼ਹੀਦਾਂ ਦੀਆਂ ਤਸਵੀਰਾਂ ਲੱਗੀਆਂ ਹੋਣ ਦੇ ਬਾਵਜੂਦ ਪਹਿਲਾਂ ਵੀ ਵਿਧਾਇਕ ਤੇ ਹੋਰ ਆਗੂ ਮੱਥਾ ਟੇਕਣ ਜਾਂਦੇ ਰਹੇ ਹਨ।

# 31 ਮਹੀਨਿਆਂ ਵਿੱਚ ਪਾਕਿ ਵੱਲੋਂ 2855 ਵਾਰ ਜੰਗਬੰਦੀ ਉਲੰਘਣਾ

ਜੰਮੂ, 30 ਸਤੰਬਰ (ਪੋਸਟ ਬਿਊਰੋ)- ਪਿਛਲੇ ਤਿੰਨ ਸਾਲਾਂ ਤੋਂ ਘੱਟ ਸਮੇਂ ਵਿੱਚ ਜੰਮੂ-ਕਸ਼ਮੀਰ ਵਿੱਚ ਕੌਮਾਂਤਰੀ ਸਰਹੱਦ ਅਤੇ ਕੰਟਰੋਲ ਲਾਈਨ 'ਤੇ ਜੰਗਬੰਦੀ ਦੀ ਉਲੰਘਣਾ ਦੀਆਂ 2855 ਘਟਨਾਵਾਂ ਹੋਈਆਂ ਹਨ। ਇਨ੍ਹਾਂ ਵਿੱਚ ਸੁਰੱਖਿਆ ਬਲਾਂ ਦੇ ਜਵਾਨਾਂ ਸਮੇਤ 104 ਲੋਕਾਂ ਦੀਆਂ ਜਾਨਾਂ ਗਈਆਂ ਅਤੇ 565 ਲੋਕ ਜ਼ਖਮੀ ਹੋਏ। ਸੂਚਨਾ ਦਾ ਅਧਿਕਾਰ ਕਾਨੂੰਨ (ਆਰ ਟੀ ਆਈ) ਦੇ ਵਰਕਰ ਰਮਨ ਸ਼ਰਮਾ ਨੇ ਕੇਂਦਰ ਦੇ ਗ੍ਰਹਿ ਮੰਤਰਾਲੇ ਵਿੱਚੋਂ ਜਾਣਕਾਰੀ ਲਈ ਅਰਜ਼ੀ ਦਿੱਤੀ ਸੀ, ਜਿਸ ਦਾ ਜਵਾਬ ਮੰਤਰਾਲੇ ਦੇ ਕਸ਼ਮੀਰ ਡੈਸਕ ਨੇ ਦਿੱਤਾ ਹੈ। ਪਿਛਲੇ ਦੋ ਸਾਲਾਂ ਦੇ ਮੁਕਾਬਲੇ ਸਾਲ 2018 ਵਿੱਚ ਸਰਹੱਦ ਪਾਰ ਤੋਂ ਗੋਲੀਬਾਰੀ ਤੇ ਜੰਗਬੰਦੀ ਉਲੰਘਣਾ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਜੁਲਾਈ ਤੱਕ ਜੰਗਬੰਦੀ ਦੀ ਉਲੰਘਣਾ ਦੀਆਂ 1436 ਘਟਨਾਵਾਂ ਸਾਹਮਣੇ ਆਈਆਂ ਹਨ। ਸਾਲ 2018 ਵਿੱਚ 449 ਵਾਰ ਜੰਗਬੰਦੀ ਦੀ ਉਲੰਘਣਾ ਹੋਈ ਸੀ, ਜਿਸ ਵਿੱਚ ਕੌਮਾਂਤਰੀ ਸਰਹੱਦ ਉੱਤੇ 221 ਅਤੇ ਕੰਟਰੋਲ ਲਾਈਨ 'ਤੇ 228 ਘਟਨਾਵਾਂ ਹੋਈਆਂ ਸਨ। 2017 ਵਿੱਚ ਇਹ ਗਿਣਤੀ 971 ਤੱਕ ਜਾ ਪਹੁੰਚੀ। ਇਸ ਵਿੱਚ ਕੰਟਰੋਲ ਲਾਈਨ ਉੱਤੇ 860 ਅਤੇ ਕੌਮਾਂਤਰੀ ਸਰਹੱਦ 'ਤੇ 111 ਵਾਰ ਜੰਗਬੰਦੀ ਦੀ ਉਲੰਘਣਾ ਦੇ ਮਾਮਲੇ ਸਾਹਮਣੇ ਆਏ। 2016 ਵਿੱਚ 13, 2017 ਵਿੱਚ 12 ਅਤੇ 2018 ਵਿੱਚ ਜੁਲਾਈ ਤੱਕ 28 ਨਾਗਰਿਕਾਂ ਦੀ ਮੌਤ ਹੋਈ।

# ਕਾਰ ਨਾ ਰੋਕੀ ਤਾਂ ਪੁਲਸ ਨੇ ਐਪਲ ਕੰਪਨੀ ਦੇ ਮੈਨੇਜਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ


ਵਿਵੇਕ ਤਿਵਾੜੀ ਦੀ ਫਾਇਲ ਫੋਟੋ।

ਲਖਨਊ, 30 ਸਤੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਗੋਮਤੀ ਨਗਰ ਵਾਲੇ ਇਲਾਕੇ ਵਿੱਚ ਚੈਕਿੰਗ ਦੌਰਾਨ ਆਪਣੀ ਕਾਰ ਨਾ ਰੋਕਣ ਉੱਤੇ ਇੱਕ ਸਿਪਾਹੀ ਵੱਲੋਂ ਚਲਾਈ ਗਈ ਗੋਲੀ ਲੱਗਣ ਨਾਲ ਮਲਟੀ ਨੈਸ਼ਨਲ ਕੰਪਨੀ ਐਪਲ ਦੇ ਏਰੀਆ ਸੇਲਜ਼ ਮੈਨੇਜਰ ਦੀ ਮੌਤ ਹੋ ਗਈ ਹੈ।

ਲਖਨਊ ਦੇ ਐਸ ਐਸ ਪੀ ਕਲਾਨਿਧੀ ਨੇ ਦੱਸਿਆ ਕਿ ਸਨਾ ਖਾਨ ਨਾਂਅ ਦੀ ਇੱਕ ਔਰਤ ਨੇ ਕੱਲ੍ਹ ਸਵੇਰੇ ਮੁਕ-ਦਮਾ ਦਰਜ ਕਰਵਾਉਂਦੇ ਹੋਏ ਦੋਸ਼ ਲਾਇਆ ਕਿ ਉਹ ਸ਼ਨੀਵਾਰ ਤੜਕੇ ਆਪਣੇ ਸਾਥੀ ਮੁਲਾਜ਼ਮ ਵਿਵੇਕ ਤਿਵਾੜੀ (38) ਨਾਲ ਆਪਣੇ ਘਰ ਜਾ ਰਹੀ ਸੀ। ਰਾਹ ਵਿੱਚ ਗੋਮਤੀ ਨਗਰ ਐਕਸਟੈਂਸ਼ਨ ਇਲਾਕੇ ਵਿੱਚ ਉਨ੍ਹਾਂ ਨੇ ਜਦੋਂ ਆਪਣੀ ਕਾਰ ਰੋਕੀ ਤਾਂ ਉਥੇ ਦੋ ਪੁਲਸ ਮੁਲਾਜ਼ਮ ਆਏ। ਵਿਵੇਕ ਨੇ ਆਪਣੀ ਕਾਰ ਨੂੰ ਸਟਾਰਟ ਕਰ ਕੇ ਪੁਲਸ ਮੁਲਾਜ਼ਮਾਂ ਤੋਂ ਬਚ ਕੇ ਨਿਕਲਣ ਦੀ ਕੋਸ਼ਿਸ਼ ਕੀਤੀ। ਪੁਲਸ ਵਾਲਿਆਂ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਹੀਂ ਰੁਕੇ। ਇਸ ਉੱਤੇ ਪੁਲਸ ਨੇ ਗੋਲੀ ਚਲਾ ਦਿੱਤੀ ਤਾਂ ਕਾਰ ਬੇਕਾਬੂ ਹੋ ਕੇ ਅੰਡਰਪਾਸ ਦੀ ਕੰਧ ਨਾਲ ਜਾ ਟਕਰਾਈ। ਵਿਵੇਕ ਦੇ ਸਿਰ ਉਤੇ ਸੱਟ ਲੱਗ ਗਈ ਤੇ ਬਹੁਤ ਖ਼ੂਨ ਨਿਕਲ ਗਿਆ। ਉਸ ਨੂੰ ਪੁਲਸ ਨੇ ਹਸਪਤਾਲ ਪਹੁੰਚਾਇਆ ਗਿਆ, ਪਰ ਉਥੇ ਉਸ ਦੀ ਮੌਤ ਹੋ ਗਈ।

ਮ੍ਰਿਤਕ ਦੀ ਪਤਨੀ ਕਲਪਨਾ ਨੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਚਿੱਠੀ ਲਿਖ ਕੇ ਪੁੱਛਿਆ ਹੈ ਕਿ ਪੁਲਸ ਨੇ ਉਸ ਦੇ ਪਤੀ ਦੀ ਕਿਉਂ ਹੱਤਿਆ ਕੀਤੀ ਸੀ। ਉਹ ਜਿਸ ਵੀ ਹਾਲਤ ਵਿੱਚ ਸਨ, ਉਨ੍ਹਾਂ ਨੂੰ ਗੋਲੀ ਕਿਉਂ ਮਾਰੀ ਗਈ। ਉਸ ਨੇ ਕਿਹਾ ਕਿ ਉਹ ਓਦੋਂ ਤੱਕ ਆਪਣੇ ਪਤੀ ਦਾ ਅੰਤਿਮ ਸਸਕਾਰ ਨਹੀਂ ਕਰੇਗੀ, ਜਦੋਂ ਤੱਕ ਮੁੱਖ ਮੰਤਰੀ ਮੇਰੇ ਸਵਾਲਾਂ ਦਾ ਜਵਾਬ ਨਹੀਂ ਦਿੰਦੇ। ਉਸ ਨੇ ਪੁਲਸ ਵਿਭਾਗ ਵਿੱਚ ਨੌਕਰੀ, ਇੱਕ ਕਰੋੜ ਰੁਪਏ ਦੇ ਮੁਆਵਜ਼ੇ ਅਤੇ ਸਾਰੇ ਮਾਮਲੇ ਦੀ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਹੈ।

## ਸਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖ਼ਲੇ ਤੋਂ ਕੋਰਟ ਨੇ ਪਾਬੰਦੀ ਹਟਾਈ

